ਜਿਲਦ: 6, ਅੰਕ: 24

16-30 ਜੂਨ, 2026 (ਮੁਫ਼ਤ)

# ਨਿਊ ਇੰਡੀਆ ਸਮਾਚਾਰ






ਈ-ਕਾਪੀ ਦੇ ਲਈ QR ਕੋਡ ਸਕੈਨ ਕਰੋ

12ਵਾਂ ਅੰਤਰਰਾਸ਼ਟਰੀ ਯੋਗ ਦਿਵਸ

## ਭਾਰਤ ਨੇ ਦਿੱਤਾ ਸੂਤਰ ਵਿਸ਼ਵ ਨੇ ਹਾਸਲ ਕੀਤੀ ਸ਼ਕਤੀ

ਸਰੀਰਕ, ਮਾਨਸਿਕ ਅਤੇ ਅਧਿਆਤਮਿਕ ਚੇਤਨਾ ਦਾ ਪ੍ਰਤੀਕ 'ਅੰਤਰਰਾਸ਼ਟਰੀ ਯੋਗ ਦਿਵਸ' ਸੰਪੂਰਨ ਵਿਸ਼ਵ ਨੂੰ ਇਕਜੁੱਟ ਕਰਨ ਦਾ ਇੱਕ ਪਵਿੱਤਰ ਮਾਧਿਅਮ ਬਣ ਚੁੱਕਿਆ ਹੈ। ਭਾਰਤ ਦੀ ਇਸ ਪ੍ਰਾਚੀਨ ਵਿਰਾਸਤ ਨੇ ਅੱਜ ਵਿਸ਼ਵਵਿਆਪੀ ਪੱਧਰ 'ਤੇ ਜਨਤਕ-ਸਿਹਤ ਅਤੇ ਅੰਦਰੂਨੀ ਸ਼ਾਂਤੀ ਦਾ ਦਿਖਾਇਆ ਹੈ ਨਵਾਂ ਰਾਹ...

ਸਾਨੂੰ ਫੋਲੋ ਕਰੋ @NISPIBIndia

# ਸਮ੍ਰਿੱਧ ਚੋਲ ਸਾਮਰਾਜ ਦੇ ਇਤਿਹਾਸ ਅਤੇ ਸੰਸਕ੍ਰਿਤੀ 'ਤੇ ਮਾਣ



*ਰੇਡੀਓ 'ਤੇ ਪ੍ਰਸਾਰਿਤ ਹੋਣ ਵਾਲੇ ਪ੍ਰਸਿੱਧ 'ਮਨ ਕੀ ਬਾਤ' ਪ੍ਰੋਗਰਾਮ ਲਈ ਹਰ ਮਹੀਨੇ ਦੇਸ਼ ਦੇ ਵੱਖ-ਵੱਖ ਹਿੱਸਿਆਂ ਤੋਂ ਵੱਡੀ ਗਿਣਤੀ ਵਿੱਚ ਸੁਨੇਹੇ ਮਿਲਦੇ ਹਨ। ਇਸ ਪ੍ਰੋਗਰਾਮ ਦੇ ਜ਼ਰੀਏ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਜਨਤਾ ਨਾਲ ਜਨਤਕ ਹਿਤੈਸ਼ੀ ਸੰਵਾਦ ਕਰਦੇ ਹਨ। 31 ਮਈ 2026 ਨੂੰ ਪ੍ਰਸਾਰਿਤ 'ਮਨ ਕੀ ਬਾਤ' ਪ੍ਰੋਗਰਾਮ ਦੀ 134ਵੀਂ ਕੜੀ ਵਿੱਚ ਪ੍ਰਧਾਨ ਮੰਤਰੀ ਮੋਦੀ ਨੇ ਗਰਮੀ ਤੋਂ ਬਚਾਅ ਦੇ ਸੁਝਾਅ ਸਾਂਝੇ ਕਰਨ ਦੇ ਨਾਲ-ਨਾਲ ਹਾਈਡ੍ਰੇਟਡ ਰਹਿਣ ਦੀ ਸਲਾਹ ਦਿੱਤੀ। ਨਾਲ ਹੀ, ਉਨ੍ਹਾਂ ਨੇ ਚੋਲ ਸਾਮਰਾਜ ਦੇ ਸਮ੍ਰਿੱਧ ਇਤਿਹਾਸ ਅਤੇ ਸੰਸਕ੍ਰਿਤੀ ਸਮੇਤ ਕਈ ਮਹੱਤਵਪੂਰਨ ਵਿਸ਼ਿਆਂ 'ਤੇ ਗੱਲ ਕੀਤੀ। ਪੇਸ਼ ਹਨ 'ਮਨ ਕੀ ਬਾਤ' ਦੇ ਸੰਪਾਦਿਤ ਮੁੱਖ ਅੰਸ਼...*

- **ਰਾਸ਼ਟਰੀ ਰਿਕਾਰਡ:** ਝਾਰਖੰਡ ਦੇ ਰਾਂਚੀ ਵਿੱਚ ਨੈਸ਼ਨਲ ਸੀਨੀਅਰ ਐਥਲੈਟਿਕਸ ਫੈਡਰੇਸ਼ਨ ਕੰਪੀਟਿਸ਼ਨ ਹੋਇਆ। ਇਸ ਵਿੱਚ ਲਗਭਗ 800 ਐਥਲੀਟਾਂ ਨੇ ਹਿੱਸਾ ਲਿਆ ਜੋ ਦੇਸ਼ ਭਰ ਤੋਂ ਆਏ ਸਨ। ਇਸ ਦੌਰਾਨ ਚਾਰ ਵੱਖ-ਵੱਖ ਈਵੈਂਟਸ ਵਿੱਚ ਚਾਰ ਰਾਸ਼ਟਰੀ ਰਿਕਾਰਡ ਟੁੱਟੇ।
- **ਗਰਮੀ ਤੋਂ ਬਚਾਅ:** ਇਸ ਸਮੇਂ ਦੇਸ਼ ਦੇ ਜ਼ਿਆਦਾਤਰ ਹਿੱਸਿਆਂ ਵਿੱਚ ਬਹੁਤ ਗਰਮੀ ਪੈ ਰਹੀ ਹੈ। ਅਜਿਹੇ ਮੌਸਮ ਵਿੱਚ ਆਪਣਾ ਧਿਆਨ ਰੱਖਣਾ ਬਹੁਤ ਜ਼ਰੂਰੀ ਹੈ। ਪਾਣੀ ਪੀਂਦੇ ਰਹੋ। ਧੁੱਪ ਵਿੱਚ ਜੇਕਰ ਨਿਕਲਣਾ ਹੀ ਪਵੇ, ਤਾਂ ਥੋੜ੍ਹਾ ਸੰਭਲ ਕੇ ਨਿਕਲੋ। ਇਸ ਦਿਸ਼ਾ ਵਿੱਚ ਸਰਕਾਰ ਦੇ ਵੱਖ-ਵੱਖ ਵਿਭਾਗਾਂ ਨੇ ਜੋ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਹਨ, ਉਹ ਵੀ ਭੁੱਲਣਾ ਨਹੀਂ ਹੈ।
- **ਸੱਤੂ ਦਾ ਸ਼ਰਬਤ:** ਬਿਹਾਰ, ਝਾਰਖੰਡ ਅਤੇ ਪੂਰਬੀ ਉੱਤਰ ਪ੍ਰਦੇਸ਼ ਵਿੱਚ ਸੱਤੂ ਦਾ ਸ਼ਰਬਤ ਬਹੁਤ ਵਧੀਆ ਪੀਣ ਵਾਲਾ ਪਦਾਰਥ ਹੈ। ਇਹ ਪੇਟ ਵੀ ਭਰਦਾ ਹੈ ਅਤੇ ਭਰਪੂਰ ਤਾਕਤ ਵੀ ਦਿੰਦਾ ਹੈ।
- **ਤ੍ਰਾਮ ਪੱਤਰ (ਕੌਪਰ ਪਲੇਟਸ):** ਯੂਰੋਪ ਦੇ ਨੀਦਰਲੈਂਡ ਵਿੱਚ ਇੱਕ ਅਜਿਹਾ ਪਲ ਸਾਹਮਣੇ ਆਇਆ ਜਿਸ ਨੇ ਹਰ ਭਾਰਤੀ ਨੂੰ ਮਾਣ ਨਾਲ ਦੇ ਦਿੱਤਾ। ਉੱਥੇ ਆਯੋਜਿਤ ਇੱਕ ਵਿਸ਼ੇਸ਼ ਸਮਾਰੋਹ ਵਿੱਚ ਚੋਲ ਕਾਲ ਦੇ ਪ੍ਰਾਚੀਨ ਤ੍ਰਾਮ ਪੱਤਰਾਂ ਨੂੰ ਭਾਰਤ ਵਾਪਸ ਸੌਂਪਿਆ ਗਿਆ।
- **ਖਗੋਲ ਵਿਗਿਆਨ:** ਸਾਡੇ ਦੇਸ਼ ਵਿੱਚ ਖਗੋਲ ਵਿਗਿਆਨ ਨੇ ਹਰ ਪੀੜ੍ਹੀ ਵਿੱਚ ਉਤਸੁਕਤਾ ਜਗਾਈ ਹੈ। ਇਸ ਨੇ ਐਕਸਪਲੋਰੇਸ਼ਨ ਲਈ ਪ੍ਰੇਰਿਤ ਕੀਤਾ ਹੈ। ਅੱਜ ਦੇ ਨੌਜਵਾਨਾਂ ਵਿੱਚ ਵੀ ਇਸ ਨੂੰ ਲੈ ਕੇ ਕਾਫੀ ਉਤਸ਼ਾਹ ਦੇਖਣ ਨੂੰ ਮਿਲ ਰਿਹਾ ਹੈ।
- **ਡੌਲਫਿਨ:** ਡੌਲਫਿਨ ਬਚਾਓ ਐਂਬੂਲੈਂਸ ਨੂੰ ਚਲਦੇ-ਫਿਰਦੇ ਹਸਪਤਾਲ ਦੀ ਤਰ੍ਹਾਂ ਤਿਆਰ ਕੀਤਾ ਗਿਆ ਹੈ। ਇਸ ਵਿੱਚ ਡੌਲਫਿਨ ਨੂੰ ਸੁਰੱਖਿਅਤ ਰੱਖਣ ਦੀ ਵਿਵਸਥਾ ਹੈ। ਆਕਸੀਜਨ ਦੀ ਸਹੂਲਤ ਹੈ, ਵਿਸ਼ੇਸ਼ ਸਟ੍ਰੈਚਰ ਹਨ ਅਤੇ ਬਚਾਅ ਦੇ ਉਪਕਰਣ ਹਨ, ਯਾਨੀ ਜੇਕਰ ਕੋਈ ਡੌਲਫਿਨ, ਜ਼ਖਮੀ ਹੋ ਜਾਵੇ, ਨਹਿਰ ਵਿੱਚ ਫਸ ਜਾਵੇ ਜਾਂ ਨਦੀ ਤੋਂ ਅਲੱਗ ਹੋ ਜਾਵੇ, ਤਾਂ ਤੁਰੰਤ ਉਸ ਦੀ ਮਦਦ ਕੀਤੀ ਜਾ ਸਕਦੀ ਹੈ।
- **ਜੈਵ-ਵਿਭਿੰਨਤਾ:** ਜਦੋਂ ਅਸੀਂ ਗੰਗਾ ਡੌਲਫਿਨ ਨੂੰ ਬਚਾਉਂਦੇ ਹਾਂ, ਤਾਂ ਅਸੀਂ ਸਿਰਫ਼ ਇੱਕ ਪ੍ਰਜਾਤੀ ਨੂੰ ਹੀ ਨਹੀਂ ਬਚਾਉਂਦੇ, ਸਗੋਂ ਅਸੀਂ ਗੰਗਾ ਦੀ ਜੈਵ-ਵਿਭਿੰਨਤਾ ਨੂੰ ਬਚਾਉਂਦੇ ਹਾਂ। ਨਦੀ ਦੇ ਪੂਰੇ ਜੀਵਨ ਚੱਕਰ ਨੂੰ ਬਚਾਉਂਦੇ ਹਾਂ ਅਤੇ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਲਈ ਕੁਦਰਤ ਦੀ ਇੱਕ ਅਨਮੋਲ ਵਿਰਾਸਤ ਵੀ ਬਚਾਉਂਦੇ ਹਾਂ।
- **ਜ਼ਰੂਰੀ ਨਹੀਂ ਵੱਡੇ ਸਾਧਨ:** ਕੇਰਲਮ ਦੇ ਆਲੂਵਾ ਵਿੱਚ ਸਾਜੀ ਵਲਾਸ਼ੇਰੀਲ ਹੁਣ ਤੱਕ 15 ਹਜ਼ਾਰ ਤੋਂ ਵੱਧ ਲੋਕਾਂ ਨੂੰ ਤੈਰਨਾ ਸਿਖਾ ਚੁੱਕੇ ਹਨ। ਇੱਕ ਕਿਸ਼ਤੀ ਹਾਦਸੇ ਵਿੱਚ ਕਈ ਵਿਦਿਆਰਥੀਆਂ ਦੀ ਮੌਤ ਦੇ ਦੁੱਖ ਤੋਂ ਬਾਅਦ ਉਨ੍ਹਾਂ ਨੇ ਇਹ ਮੁਹਿੰਮ ਸ਼ੁਰੂ ਕੀਤੀ ਸੀ। ਸਾਜੀ ਵਲਾਸ਼ੇਰੀਲ ਦਾ ਜੀਵਨ ਸਾਨੂੰ ਇਹ ਸਿੱਖਿਆ ਦਿੰਦਾ ਹੈ ਕਿ ਸੇਵਾ ਕਰਨ ਲਈ ਬਹੁਤ ਵੱਡੇ ਸਾਧਨ ਜ਼ਰੂਰੀ ਨਹੀਂ ਹੁੰਦੀ। ਜ਼ਰੂਰੀ ਹੁੰਦਾ ਹੈ—ਇੱਕ ਚੰਗਾ ਇਰਾਦਾ ਅਤੇ ਲਗਾਤਾਰ ਕੋਸ਼ਿਸ਼।
- **ਦੇਸ਼ ਭਗਤੀ ਦੀ ਭਾਵਨਾ:** ਗਿਰਿਜਾ ਅੰਮਾ ਜੀ ਲਗਭਗ 15 ਸਕੂਲ ਚਲਾਉਂਦੇ ਹਨ। ਇਨ੍ਹਾਂ ਵਿੱਚ ਚੇਨਈ ਦਾ ਜੈਗੋਪਾਲ ਗਰੋਦੀਆ ਹਿੰਦੂ ਵਿਦਿਆਲਿਆ ਬਹੁਤ ਪ੍ਰਮੁੱਖ ਹੈ। ਉਨ੍ਹਾਂ ਦੀ ਦੇਸ਼ ਭਗਤੀ ਦੀ ਭਾਵਨਾ ਹਰ ਭਾਰਤ ਵਾਸੀ ਨੂੰ ਪ੍ਰੇਰਿਤ ਕਰਨ ਵਾਲੀ ਹੈ।
- **ਲੋਕਾਂ ਦੀ ਸ਼ਕਤੀ:** ਭਾਰਤ ਦੇ ਹਰ ਪਿੰਡ ਵਿੱਚ, ਹਰ ਸ਼ਹਿਰ ਵਿੱਚ, ਕੁਝ ਨਾ ਕੁਝ ਅਜਿਹਾ ਹੋ ਰਿਹਾ ਹੈ ਜੋ ਸਾਨੂੰ ਪ੍ਰੇਰਨਾ ਦਿੰਦਾ ਹੈ। ਕਈ ਵਾਰ, ਇਨ੍ਹਾਂ ਯਤਨਾਂ ਦੀ ਜ਼ਿਆਦਾ ਚਰਚਾ ਨਹੀਂ ਹੁੰਦੀ, ਪਰ ਜਦੋਂ ਅਸੀਂ ਇਨ੍ਹਾਂ ਬਾਰੇ ਜਾਣਦੇ ਹਾਂ, ਤਾਂ ਇਹ ਵਿਸ਼ਵਾਸ ਹੋਰ ਮਜ਼ਬੂਤ ਹੁੰਦਾ ਹੈ ਕਿ ਦੇਸ਼, ਆਪਣੇ ਲੋਕਾਂ ਦੀ ਸ਼ਕਤੀ ਨਾਲ ਅੱਗੇ ਵਧ ਰਿਹਾ ਹੈ।
- **ਚੰਗਾ ਕੰਮ:** ਮੇਰੀ ਤੁਹਾਡੇ ਅੱਗੇ ਤਾਕੀਦ ਹੈ ਕਿ ਆਪਣੇ ਆਲੇ-ਦੁਆਲੇ ਅਜਿਹੇ ਯਤਨਾਂ ਨੂੰ ਜ਼ਰੂਰ ਦੇਖੋ। ਜੋ ਲੋਕ ਸਮਾਜ ਲਈ ਚੰਗਾ ਕੰਮ ਕਰ ਰਹੇ ਹਨ, ਉਨ੍ਹਾਂ ਨੂੰ ਪਛਾਣੋ, ਉਨ੍ਹਾਂ ਦੀ ਸ਼ਲਾਘਾ ਕਰੋ, ਉਨ੍ਹਾਂ ਤੋਂ ਸਿੱਖੋ ਅਤੇ ਜੇ ਹੋ ਸਕੇ ਤਾਂ ਖੁਦ ਵੀ ਕਿਸੇ ਚੰਗੇ ਕੰਮ ਨਾਲ ਜੁੜੋ।

'ਮਨ ਕੀ ਬਾਤ' ਪੂਰੀ ਸੁਣਨ ਲਈ ਦਿੱਤੇ ਗਏ QR ਕੋਡ ਨੂੰ ਸਕੈਨ ਕਰੋ।

# ਅੰਦਰਲੇ ਪੰਨਿਆਂ ਉੱਤੇ ...


ਨਿਊ ਇੰਡੀਆ
**ਸਮਾਚਾਰ**

**ਜਿਲਦ: 6, ਅੰਕ: 24 | 16 - 30 ਜੂਨ, 2026**

**ਐਡੀਟਰ ਇਨ ਚੀਫ਼ :**
**ਧੀਰੇਂਦਰ ਓਝਾ**
ਪ੍ਰਿੰਸੀਪਲ ਡਾਇਰੈਕਟਰ ਜਨਰਲ,
ਪੱਤਰ ਸੂਚਨਾ ਦਫ਼ਤਰ, ਨਵੀਂ ਦਿੱਲੀ

ਮੁੱਖ ਸਲਾਹਕਾਰ ਸੰਪਾਦਕ
**ਸੰਤੋਸ਼ ਕੁਮਾਰ**

ਸੀਨੀਅਰ ਸਹਾਇਕ ਸਲਾਹਕਾਰ ਸੰਪਾਦਕ
**ਪਵਨ ਕੁਮਾਰ**

ਸਹਾਇਕ ਸਲਾਹਕਾਰ ਸੰਪਾਦਕ
**ਅਖਿਲੇਸ਼ ਕੁਮਾਰ**
**ਚੰਦਨ ਕੁਮਾਰ ਚੌਧਰੀ**

ਭਾਸ਼ਾ ਸੰਪਾਦਨ
**ਸੁਮਿਤ ਕੁਮਾਰ (ਅੰਗ੍ਰੇਜ਼ੀ),**
**ਰਜਨੀਸ਼ ਮਿਸ਼ਰਾ (ਅੰਗ੍ਰੇਜ਼ੀ)**
**ਨਦੀਮ ਅਹਿਮਦ (ਉਰਦੂ),**
**ਅਹਿਮਦ ਖਾਨ (ਪੰਜਾਬੀ)**

ਸੀਨੀਅਰ ਡਿਜ਼ਾਈਨਰ
**ਫੂਲ ਚੰਦ ਤਿਵਾਰੀ**

ਡਿਜ਼ਾਈਨਰ
**ਅਭੈ ਗੁਪਤਾ**
**ਸਤਯਮ ਸਿੰਘ**




## ਕਵਰ ਸਟੋਰੀ

21 ਜੂਨ ਨੂੰ 12ਵਾਂ ਅੰਤਰਰਾਸ਼ਟਰੀ ਯੋਗ ਦਿਵਸ ਹੈ। ਇਹ ਇੱਕ ਵਿਸ਼ੇਸ਼ ਮੌਕਾ ਲੈ ਕੇ ਆਇਆ ਹੈ। ਇਸ ਵਰ੍ਹੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਅਗਵਾਈ ਵਿੱਚ ਕੇਂਦਰ ਸਰਕਾਰ ਦੇ 12 ਵਰ੍ਹੇ ਪੂਰੇ ਹੋਏ ਹਨ, ਇਸ ਲਈ ਜੂਨ ਦਾ ਮਹੀਨਾ ਉਤਸਵ ਦਾ ਮਹੀਨਾ ਬਣ ਗਿਆ ਹੈ। | 8-17



**13 ਭਾਸ਼ਾਵਾਂ ਵਿੱਚ ਉਪਲਬਧ 'ਨਿਊ ਇੰਡੀਆ ਸਮਾਚਾਰ' ਨੂੰ ਪੜ੍ਹਨ ਦੇ ਲਈ ਕਲਿੱਕ ਕਰੋ:**

https://newindiasamachar.pib.gov.in/news.aspx

**'ਨਿਊ ਇੰਡੀਆ ਸਮਾਚਾਰ' ਦੇ ਪੁਰਾਣੇ ਅੰਕ ਪੜ੍ਹਨ ਦੇ ਲਈ ਕਲਿੱਕ ਕਰੋ:**

https://newindiasamachar.pib.gov.in/archive.aspx

'ਨਿਊ ਇੰਡੀਆ ਸਮਾਚਾਰ' ਬਾਰੇ ਲਗਾਤਾਰ ਅੱਪਡੇਟ ਦੇ ਲਈ ਫਾਲੋ ਕਰੋ :-@NISPIBIndia

ਪਦਮ ਪੁਰਸਕਾਰ 2026



## ਰਾਸ਼ਟਰ ਦੇ ਨਾਇਕਾਂ ਦਾ ਅਭਿਨੰਦਨ...



ਸਿਵਿਲ ਇੰਨਸਟੀਚਰ ਸਮਾਰੋਹ-1 ਵਿੱਚ ਵਰ੍ਹੇ 2026 ਦੇ ਪਦਮ ਪੁਰਸਕਾਰਾਂ ਨਾਲ ਸਨਮਾਨਿਤ ਹੋਈਆਂ ਦੇਸ਼ ਦੀਆਂ 66 ਸ਼ਖ਼ਸੀਅਤਾਂ | 22-27


**ਸਮਾਚਾਰ ਸਾਰ** | 4-5

**ਸ਼ਖ਼ਸੀਅਤ: ਵਿਨੀਤਾ ਸੋਰੇਨ**
ਮਾਊਂਟ ਐਵਰੈਸਟ ਫਤਹਿ ਕਰਨ ਵਾਲੀ ਪਹਿਲੀ ਭਾਰਤੀ ਕਬਾਇਲੀ ਮਹਿਲਾ | 6

**ਨਿਯਮਿਤ ਨਿਗਰਾਨੀ ਅਤੇ ਜਨਤਕ ਭਾਗੀਦਾਰੀ 'ਤੇ ਜ਼ੋਰ**
ਪ੍ਰਧਾਨ ਮੰਤਰੀ ਮੋਦੀ ਨੇ ਕੀਤੀ 51ਵੀਂ ਪ੍ਰਗਤੀ ਬੈਠਕ ਦੀ ਪ੍ਰਧਾਨਗੀ | 7

**ਨੌਜਵਾਨਾਂ ਦੀ ਨਿਰੰਤਰ ਤਰੱਕੀ, ਵਿਕਸਿਤ ਭਾਰਤ ਦੀ ਸ਼ਕਤੀ**
19ਵੇਂ ਰੁਜ਼ਗਾਰ ਮੇਲੇ ਵਿੱਚ 51 ਹਜ਼ਾਰ ਤੋਂ ਵੱਧ ਨਿਯੁਕਤੀ ਪੱਤਰ ਵੰਡੇ | 18-19

**ਖੁਰਾਕ ਸੁਰੱਖਿਆ ਅਤੇ ਸਵੱਛ ਆਵਾਜਾਈ ਨੂੰ ਨਵੀਂ ਗਤੀ**
ਕੇਂਦਰੀ ਕੈਬਨਿਟ ਦੀ ਮੀਟਿੰਗ ਵਿੱਚ ਲਏ ਗਏ ਕਈ ਹੋਰ ਮਹੱਤਵਪੂਰਨ ਫ਼ੈਸਲੇ | 20-21


## ਯੂਰੋਪ ਤੋਂ ਖਾੜੀ ਤੱਕ
### ਭਾਰਤ ਦੀ ਵਧਦੀ ਗਲੋਬਲ ਤਾਕਤ ਦਾ ਪ੍ਰਦਰਸ਼ਨ

ਪੀਐੱਮ ਮੋਦੀ ਦੀ ਸੰਯੁਕਤ ਅਰਬ ਅਮੀਰਾਤ (UAE), ਨੀਦਰਲੈਂਡ, ਸਵੀਡਨ, ਨਾਰਵੇ ਅਤੇ ਇਟਲੀ ਦੀ ਯਾਤਰਾ, ਭਾਰਤ ਦੀ ਨਵੀਂ ਗਲੋਬਲ ਰਣਨੀਤੀ ਦਾ ਸਸ਼ਕਤ ਪ੍ਰਦਰਸ਼ਨ | 28-32




**ਪ੍ਰਕਾਸ਼ਕ ਅਤੇ ਪ੍ਰਿੰਟਰ:** ਕੰਚਨ ਪ੍ਰਸਾਦ, ਪ੍ਰਿੰਸੀਪਲ ਡਾਇਰੈਕਟਰ ਜਨਰਲ, ਸੀਬੀਸੀ (ਕੇਂਦਰੀ ਸੰਚਾਰ ਬਿਊਰੋ)। **ਕਮਿਊਨੀਕੇਸ਼ਨ ਐਡਰੈੱਸ ਅਤੇ ਈ-ਮੇਲ :** ਕਮਰਾ ਨੰਬਰ -316, ਨੈਸ਼ਨਲ ਮੀਡੀਆ ਸੈਂਟਰ, ਰਾਏਸਿਨਾ ਰੋਡ, ਨਵੀਂ ਦਿੱਲੀ -110001, **ਈ- ਮੇਲ** –responsenis@pib.gov.in **ਆਰ.ਐੱਨ.ਆਈ. ਨੰਬਰ** DELPUN/2020/78808

# ਸੰਪਾਦਕ ਦੀ ਕਲਮ ਤੋਂ...

## ਯੋਗ: ਭਾਰਤ ਦੀ ਪ੍ਰਾਚੀਨ ਵਿਰਾਸਤ

# ਵਿਸ਼ਵ ਦੀ ਪਛਾਣ

ਸਾਦਰ ਨਮਸਕਾਰ।

ਸੂਝਵਾਨ ਪਾਠਕੋ, ਜੂਨ ਦਾ ਮਹੀਨਾ ਇਸ ਵਾਰ ਇੱਕ ਵਿਸ਼ੇਸ਼ ਮੌਕਾ ਅਤੇ ਉਤਸਵ ਦਾ ਸੰਦੇਸ਼ ਲੈ ਕੇ ਆਇਆ ਹੈ। ਇੱਕ ਪਾਸੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਅਗਵਾਈ ਵਿੱਚ ਕੇਂਦਰ ਸਰਕਾਰ ਦੇ 12 ਵਰ੍ਹੇ ਪੂਰੇ ਹੋਣ ਦਾ ਮੌਕਾ ਹੈ, ਉੱਥੇ ਹੀ ਦੂਜੇ ਪਾਸੇ ਵਿਸ਼ਵ 12ਵਾਂ ਅੰਤਰਰਾਸ਼ਟਰੀ ਯੋਗ ਦਿਵਸ ਵੀ ਮਨਾ ਰਿਹਾ ਹੈ। 12 ਦੇ ਅੰਕ ਦਾ ਇਹ ਸੰਯੋਗ ਮੌਕੇ ਅਤੇ ਉਤਸਵ ਦਾ ਇੱਕ ਵਿਲੱਖਣ ਸੰਗਮ ਪੇਸ਼ ਕਰਦਾ ਹੈ।

ਅੱਜ ਦੇ ਤੇਜ਼ ਗਤੀ ਵਾਲੇ ਜੀਵਨ ਵਿੱਚ ਯੋਗ ਮਨ, ਸਰੀਰ, ਬੁੱਧੀ ਅਤੇ ਆਤਮਾ ਦੇ ਦਰਮਿਆਨ ਸੰਤੁਲਨ ਸਥਾਪਿਤ ਕਰਕੇ ਵਿਅਕਤੀ ਦੇ ਜੀਵਨ ਵਿੱਚ ਸ਼ਾਂਤੀ ਦਾ ਸੰਚਾਰ ਕਰਦਾ ਹੈ। ਯੋਗ ਵਿਅਕਤੀ ਨੂੰ ਪਰਿਵਾਰ ਨਾਲ ਜੋੜ ਕੇ ਖੁਸ਼ਹਾਲੀ ਦਾ ਰਾਹ ਪੱਧਰਾ ਕਰਦਾ ਹੈ। ਪਰਿਵਾਰਾਂ ਨੂੰ ਸਮਾਜ ਦੇ ਪ੍ਰਤੀ ਸੰਵੇਦਨਸ਼ੀਲ ਬਣਾ ਕੇ ਸਮਾਜਿਕ ਸਦਭਾਵਨਾ ਨੂੰ ਮਜ਼ਬੂਤ ਕਰਦਾ ਹੈ। ਇਹੀ ਸਮਾਜ ਰਾਸ਼ਟਰ ਦੀ ਏਕਤਾ ਦਾ ਅਧਾਰ ਬਣਦਾ ਹੈ ਅਤੇ ਵਿਸ਼ਵ ਵਿੱਚ ਸ਼ਾਂਤੀ ਅਤੇ ਭਾਈਚਾਰੇ ਦਾ ਸੰਦੇਸ਼ ਪ੍ਰਸਾਰਿਤ ਕਰਦਾ ਹੈ। ਇਸ ਤਰ੍ਹਾਂ ਯੋਗ ਵਿਅਕਤੀ, ਪਰਿਵਾਰ, ਸਮਾਜ, ਰਾਸ਼ਟਰ, ਵਿਸ਼ਵ ਅਤੇ ਸਮੁੱਚੀ ਮਨੁੱਖਤਾ ਨੂੰ ਜੋੜਨ ਦਾ ਕੰਮ ਕਰਦਾ ਹੈ।

ਵਰ੍ਹੇ 2014 ਵਿੱਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਯਤਨਾਂ ਨੂੰ ਵਿਸ਼ਵ ਭਾਈਚਾਰੇ ਦਾ ਬੇਮਿਸਾਲ ਸਮਰਥਨ ਪ੍ਰਾਪਤ ਹੋਇਆ ਸੀ, ਜਿਸ ਦੇ ਨਤੀਜੇ ਵਜੋਂ ਵਰ੍ਹੇ 2015 ਤੋਂ ਹਰ ਵਰ੍ਹੇ 21 ਜੂਨ ਨੂੰ ਅੰਤਰਰਾਸ਼ਟਰੀ ਯੋਗ ਦਿਵਸ ਮਨਾਇਆ ਜਾਣ ਲੱਗਿਆ। ਭਾਰਤ ਵਿੱਚ ਯੋਗ ਦੀ ਪਰੰਪਰਾ ਲਗਭਗ 5,000 ਵਰ੍ਹੇ ਪੁਰਾਣੀ ਹੈ, ਪਰ ਸੰਯੁਕਤ ਰਾਸ਼ਟਰ ਮਹਾਸਭਾ ਦੀ ਮਾਨਤਾ ਨੇ ਇਸ ਨੂੰ ਗਲੋਬਲ ਪਛਾਣ ਪ੍ਰਦਾਨ ਕੀਤੀ। ਇਸ ਦੇ ਨਾਲ ਹੀ ਯੋਗ ਨਾਲ ਜੁੜੀਆਂ ਆਰਥਿਕ ਗਤੀਵਿਧੀਆਂ ਦਾ ਵੀ ਵਿਸਤਾਰ ਹੋਇਆ ਅਤੇ ਸਿਹਤ ਦੇ ਨਾਲ-ਨਾਲ ਆਰਥਿਕ ਸਸ਼ਕਤੀਕਰਣ ਨੂੰ ਵੀ ਨਵੀਂ ਗਤੀ ਮਿਲੀ। ਅੱਜ ਯੋਗ ਭਾਰਤ ਦੀ ਗਲੋਬਲ ਪਛਾਣ ਬਣ ਚੁੱਕਿਆ ਹੈ। ਹਰ ਵਰ੍ਹੇ 21 ਜੂਨ ਨੂੰ ਅੰਤਰਰਾਸ਼ਟਰੀ ਯੋਗ ਦਿਵਸ ਦੇ ਰੂਪ ਵਿੱਚ ਮਨਾਇਆ ਜਾਂਦਾ ਹੈ। ਇਹੀ ਇਸ ਵਾਰ ਦੇ ਸਾਡੇ ਅੰਕ ਦੀ ਕਵਰ ਸਟੋਰੀ ਬਣੀ ਹੈ।

ਇਸ ਤੋਂ ਇਲਾਵਾ ਸ਼ਖਸੀਅਤ ਦੀ ਕੜੀ ਵਿੱਚ ਮਾਊਂਟ ਐਵਰੈਸਟ ਫਤਹਿ ਕਰਨ ਵਾਲੀ ਪਹਿਲੀ ਭਾਰਤੀ ਕਬਾਇਲੀ ਮਹਿਲਾ ਵਿਨੀਤਾ ਸੋਰੇਨ, ਕੇਂਦਰੀ ਕੈਬਨਿਟ ਦੇ ਫ਼ੈਸਲੇ, ਵਿਦੇਸ਼ ਯਾਤਰਾ, ਰੁਜ਼ਗਾਰ ਮੇਲਾ, 51ਵੀਂ ਪ੍ਰਗਤੀ ਬੈਠਕ ਦੀ ਪ੍ਰਧਾਨਗੀ ਸਮੇਤ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਪੰਦਰਵਾੜੇ ਭਰ ਦੇ ਪ੍ਰੋਗਰਾਮਾਂ ਨੂੰ ਇਸ ਵਿੱਚ ਸ਼ਾਮਲ ਕੀਤਾ ਗਿਆ ਹੈ।

ਨਾਲ ਹੀ, ਮੈਗਜ਼ੀਨ ਦੇ ਇਨਸਾਈਡ ਪੇਜ 'ਤੇ 'ਮਨ ਕੀ ਬਾਤ' ਅਤੇ ਬੈਕ ਕਵਰ 'ਤੇ ਹਰ ਵਰ੍ਹੇ 27 ਜੂਨ ਨੂੰ ਮਨਾਏ ਜਾਣ ਵਾਲੇ ਅੰਤਰਰਾਸ਼ਟਰੀ ਐੱਮਐੱਸਐੱਮਈ ਦਿਵਸ 'ਤੇ ਵਿਸ਼ੇਸ਼ ਸਮੱਗਰੀ ਸ਼ਾਮਲ ਹੈ।

ਤੁਸੀਂ ਆਪਣੇ ਸੁਝਾਅ ਸਾਨੂੰ ਭੇਜਦੇ ਰਹੋ।

(ਧੀਰੇਂਦਰ ਓਝਾ)

ਹਿੰਦੀ, ਅੰਗ੍ਰੇਜ਼ੀ ਅਤੇ ਹੋਰ 11 ਭਾਸ਼ਾਵਾਂ ਵਿੱਚ ਉਪਲਬਧ ਪੱਤ੍ਰਿਕਾ ਪੜ੍ਹੋ/ਡਾਊਨਲੋਡ ਕਰੋ।
https://newindiasamachar.pib.gov.in/news.aspx

# ਆਪਕੀ ਬਾਤ...






## ਪਾਠਕਾਂ ਦੇ ਦਿਲਾਂ ਨੂੰ ਗਹਿਰਾਈ ਨਾਲ ਛੂਹ ਜਾਂਦੀ ਹੈ ਪੱਤ੍ਰਿਕਾ

'ਨਿਊ ਇੰਡੀਆ ਸਮਾਚਾਰ' ਪ੍ਰਮੁੱਖ ਯੋਜਨਾਵਾਂ ਅਤੇ 'ਨਵੇਂ ਭਾਰਤ' ਦੀ ਭਾਵਨਾ ਨੂੰ ਉਜਾਗਰ ਕਰਦਾ ਹੈ। ਮੇਰਾ ਮੰਨਣਾ ਹੈ ਕਿ ਇਹ ਰਚਨਾਤਮਕ ਯੋਗਦਾਨ ਇੱਕ ਜਾਗਰੂਕ ਨਾਗਰਿਕ ਦੇ ਦ੍ਰਿਸ਼ਟੀਕੋਣ ਨਾਲ ਲਿਖਿਆ ਜਾਂਦਾ ਹੈ। ਜੋ ਪਾਠਕਾਂ ਦੇ ਦਿਲਾਂ ਨੂੰ ਗਹਿਰਾਈ ਨਾਲ ਛੂਹ ਜਾਂਦਾ ਹੈ। ਇਹ ਉਸ ਭਾਵਨਾਤਮਕ ਅਤੇ ਮਨੋਵਿਗਿਆਨਕ ਬਦਲਾਅ ਨੂੰ ਦਰਸਾਉਂਦਾ ਹੈ ਜਿਸ ਨੂੰ ਅਸੀਂ ਪ੍ਰਭਾਵਿਤ ਖੇਤਰਾਂ ਵਿੱਚ ਦੇਖਣਾ ਚਾਹੁੰਦੇ ਹਾਂ। ਤੁਹਾਡੇ ਕੀਮਤੀ ਸਮੇਂ ਅਤੇ ਭਾਰਤ ਦੀ ਪ੍ਰਗਤੀ ਨੂੰ ਦਸਤਾਵੇਜ਼ੀ ਰੂਪ ਦੇਣ ਦੇ ਤੁਹਾਡੇ ਅਦਭੁਤ ਦੇ ਕੰਮ ਲਈ ਤੁਹਾਡਾ ਹਾਰਦਿਕ ਧੰਨਵਾਦ।

**ਰਾਜਾ ਮੁਥਿਆਲਾ**
**rajaa.muthyala@gmail.com**

## ਦੇਸ਼ ਵਿਕਾਸ ਦੇ ਰਾਹ 'ਤੇ ਅੱਗੇ ਵਧ ਰਿਹਾ ਹੈ

ਦੇਸ਼ ਦੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਅਗਵਾਈ ਵਿੱਚ ਮੈਂ ਦੇਸ਼ ਦੇ ਇਤਿਹਾਸਕ ਮਹੱਤਵ ਅਤੇ ਪਹਿਲੀ ਵਾਰ ਕਾਸ਼ੀ ਵਿਸ਼ਵਨਾਥ ਮੰਦਿਰ ਦੀ ਵੈਦਿਕ ਘੜੀ ਦੇ ਵਿਸ਼ੇ ਵਿੱਚ ਸੁਣਿਆ ਅਤੇ ਪੜ੍ਹਿਆ। ਦੇਸ਼ ਦੀ ਖੁਸ਼ਕਿਸਮਤੀ ਹੈ ਕਿ ਪ੍ਰਧਾਨ ਮੰਤਰੀ ਮੋਦੀ ਦੇ ਪ੍ਰਬੰਧਨ ਅਤੇ ਦੂਰਦਰਸ਼ੀ ਸੋਚ ਦੇ ਨਾਲ ਭਾਰਤ ਵਿਕਾਸ ਦੇ ਰਾਹ 'ਤੇ ਅੱਗੇ ਵਧ ਰਿਹਾ ਹੈ। ਨਾਲ ਹੀ ਇਸ ਨਾਲ ਆਉਣ ਵਾਲੀਆਂ ਪੀੜ੍ਹੀਆਂ ਨੂੰ ਪ੍ਰੇਰਨਾ ਮਿਲ ਰਹੀ ਹੈ। ਆਉਣ ਵਾਲੀ ਪੀੜ੍ਹੀ ਜਾਗਰੂਕ ਹੋ ਰਹੀ ਹੈ।

**ਨੀਰਜ ਕੁਮਾਰ ਅਗਰਵਾਲ**
**neerajagarwal951@gmail.com**

## ਤੇਜ਼ ਰਫ਼ਤਾਰ ਨਾਲ ਤਰੱਕੀ ਕਰ ਰਿਹਾ ਹੈ ਭਾਰਤ

ਮੈਨੂੰ ਨਿਊ ਇੰਡੀਆ ਸਮਾਚਾਰ ਦਾ ਆਰਟੀਕਲ ਡਿਜੀਟਲ ਮੀਡੀਆ ਦੇ ਮਾਧਿਅਮ ਰਾਹੀਂ ਪੜ੍ਹਨ ਨੂੰ ਮਿਲਿਆ। ਸਾਡਾ ਭਾਰਤ ਸਭ ਤੋਂ ਤੇਜ਼ ਰਫ਼ਤਾਰ ਨਾਲ ਤਰੱਕੀ ਕਰ ਰਿਹਾ ਹੈ। ਮੈਨੂੰ ਹਰ ਉਸ ਮਹਿਲਾ 'ਤੇ ਮਾਣ ਹੈ ਜੋ ਦੇਸ਼ ਦੀ ਤਰੱਕੀ ਲਈ ਕੰਮ ਕਰਦੀਆਂ ਹਨ। ਆਪ੍ਰੇਸ਼ਨ ਸਿੰਦੂਰ ਦੇ ਮਾਧਿਅਮ ਨਾਲ ਵਿਸ਼ਵ ਨੇ ਭਾਰਤ ਦੀ ਵਿਲੱਖਣ ਤਾਕਤ ਦੇਖੀ।

**jamesdevassy603@gmail.com**

## ਪ੍ਰੇਰਨਾ ਦੇਣ ਵਾਲਾ ਅਤੇ ਉਪਯੋਗੀ ਫੀਚਰ ਛਾਪਣ ਦੇ ਲਈ ਵਧਾਈ

ਮੈਂ ਨਿਊ ਇੰਡੀਆ ਸਮਾਚਾਰ ਦੇ 1-15 ਮਈ, 2026 ਦੇ ਐਡੀਸ਼ਨ ਵਿੱਚ ਛਪੀ ਬਿਹਤਰੀਨ ਕਵਰ ਸਟੋਰੀ, "ਨਿਊ ਇੰਡੀਆ ਐਂਡ ਵੂਮੈਨ-ਲੈੱਡ ਲੀਡਰਸ਼ਿਪ" ਦੀ ਦਿਲੋਂ ਸ਼ਲਾਘਾ ਕਰਦਾ ਹਾਂ। ਇਸ ਫੀਚਰ ਨੇ ਖੂਬਸੂਰਤੀ ਨਾਲ ਦਿਖਾਇਆ ਹੈ ਕਿ ਕਿਸ ਤਰ੍ਹਾਂ ਮਹਿਲਾਵਾਂ ਨਿਊ ਇੰਡੀਆ ਵਿੱਚ ਬਦਲਾਅ ਅਤੇ ਰਾਸ਼ਟਰ-ਨਿਰਮਾਣ ਦੇ ਸੱਚੇ ਡਰਾਈਵਰ ਦੇ ਤੌਰ 'ਤੇ ਉਭਰ ਰਹੀਆਂ ਹਨ। ਇਹ ਲਾਈਨਾਂ, "ਉਹ ਪਹਿਲਾਂ ਤੋਂ ਤੈਅ ਸੀਮਾਵਾਂ ਵਿੱਚ ਬੱਝੇ ਰਹਿਣ ਦੇ ਲਈ ਨਹੀਂ ਬਣੀਆਂ ਸਨ, ਸਗੋਂ ਉਹ ਨਵੇਂ ਰਸਤੇ ਬਣਾਉਣ ਦੇ ਲਈ ਬਣੀਆਂ ਸਨ," ਖਾਸ ਤੌਰ 'ਤੇ ਪ੍ਰੇਰਨਾ ਦੇਣ ਵਾਲੀਆਂ ਸਨ। ਇਸ ਆਰਟੀਕਲ ਵਿੱਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਨਾਰੀ ਸ਼ਕਤੀ ਨੂੰ ਮਜ਼ਬੂਤ ਬਣਾਉਣ ਅਤੇ ਮਹਿਲਾਵਾਂ ਦੀ ਅਗਵਾਈ ਵਾਲੇ ਵਿਕਾਸ ਨੂੰ ਮਜ਼ਬੂਤ ਕਰਨ ਦੇ ਵਿਜ਼ਨ ਅਤੇ ਕਮਿਟਮੈਂਟ ਨੂੰ ਵੀ ਪ੍ਰਭਾਵਸ਼ਾਲੀ ਤਰੀਕੇ ਨਾਲ ਦਿਖਾਇਆ ਗਿਆ ਹੈ। ਇੰਨਾ ਪ੍ਰੇਰਨਾਦਾਇਕ ਫੀਚਰ ਛਾਪਣ ਦੇ ਲਈ ਐਡੀਟੋਰੀਅਲ ਟੀਮ ਨੂੰ ਵਧਾਈ।

**michaelbks@gmail.com**

## ਸਾਰੀਆਂ ਨਵੀਨਤਮ ਡਿਵੈਲਪਮੈਂਟ ਨਿਊਜ਼ ਅਤੇ ਕੋਸ਼ਿਸ਼ਾਂ ਨੂੰ ਜਾਣ ਕੇ ਹਾਂ ਖੁਸ਼

ਦੇਸ਼ ਵਿੱਚ ਚਲ ਰਹੀ ਵਿਕਾਸ ਯਾਤਰਾ 'ਤੇ ਇੱਕ ਆਲ-ਰਾਊਂਡਰ ਮੈਗਜ਼ੀਨ ਦੇ ਲਈ ਮੇਰੀ ਹਾਰਦਿਕ ਵਧਾਈ ਸਵੀਕਾਰ ਕਰੋ। ਮੈਂ ਇਸ ਪੱਤ੍ਰਿਕਾ ਦਾ ਨਿਯਮਿਤ ਪਾਠਕ ਹਾਂ। ਸਰਕਾਰ ਦੀਆਂ ਸਾਰੀਆਂ ਨਵੀਨਤਮ ਡਿਵੈਲਪਮੈਂਟ ਨਿਊਜ਼ ਅਤੇ ਕੋਸ਼ਿਸ਼ਾਂ ਨੂੰ ਜਾਣ ਕੇ ਸੱਚਮੁੱਚ ਬਹੁਤ ਖੁਸ਼ੀ ਹੋਈ ਹੈ।

**ਮਨਮੋਹਨ ਬਹੇੜ**
**man.bahed82@gmail.com**

**ਕਮਿਊਨੀਕੇਸ਼ਨ ਅਡਰੈੱਸ ਅਤੇ ਈ-ਮੇਲ : ਕਮਰਾ ਨੰਬਰ -1077, ਸੂਚਨਾ ਭਵਨ, ਸੀਜੀਓ ਕੰਪਲੈਕਸ, ਨਵੀਂ ਦਿੱਲੀ -110003**

**ਈ- ਮੇਲ – response-nis@pib.gov.in**

# ਸਮਾਚਾਰ ਸਾਰ



## ਵਿਕਸਿਤ ਭਾਰਤ-ਜੀ ਰਾਮ ਜੀ 1 ਜੁਲਾਈ ਤੋਂ ਹੋਵੇਗਾ ਲਾਗੂ

ਗ੍ਰਾਮੀਣ ਭਾਰਤ ਦੇ ਵਿਕਾਸ ਅਤੇ ਰੁਜ਼ਗਾਰ ਨੂੰ ਨਵੀਂ ਦਿਸ਼ਾ ਦੇਣ ਵਾਲਾ 'ਵਿਕਸਿਤ ਭਾਰਤ-ਗਰੰਟੀ ਫਾਰ ਐਮਪਲਾਇਮੈਂਟ ਐਂਡ ਲਾਈਵਲੀਹੁਡ ਮਿਸ਼ਨ (ਗ੍ਰਾਮੀਣ)' ਯਾਨੀ 'ਵਿਕਸਿਤ ਭਾਰਤ ਜੀ ਰਾਮ ਜੀ' ਐਕਟ ਦੇਸ਼ ਭਰ ਵਿੱਚ 1 ਜੁਲਾਈ 2026 ਤੋਂ ਲਾਗੂ ਹੋ ਰਿਹਾ ਹੈ। ਇਸ ਨਵੀਂ ਵਿਵਸਥਾ ਵਿੱਚ ਹਰੇਕ ਗ੍ਰਾਮੀਣ ਪਰਿਵਾਰ, ਜਿਸ ਦੇ ਬਾਲਗ ਮੈਂਬਰ ਅਕੁਸ਼ਲ ਸਰੀਰਕ ਮਿਹਨਤ ਕਰਨ ਦੇ ਲਈ ਅਪਲਾਈ ਕਰਨਗੇ, ਉਨ੍ਹਾਂ ਨੂੰ ਹਰ ਵਿੱਤੀ ਵਰ੍ਹੇ ਵਿੱਚ 125 ਦਿਨਾਂ ਦੇ ਮਜ਼ਦੂਰੀ ਅਧਾਰਿਤ ਰੁਜ਼ਗਾਰ ਦੀ ਕਾਨੂੰਨੀ ਗਾਰੰਟੀ ਦਿੱਤੀ ਜਾਵੇਗੀ। ਇਹ ਮਨਰੇਗਾ ਵਿੱਚ ਮਿਲਣ ਵਾਲੀ 100 ਦਿਨਾਂ ਦੀ ਰੁਜ਼ਗਾਰ ਗਾਰੰਟੀ ਤੋਂ 25 ਦਿਨ ਵੱਧ ਹੈ।

ਨਵੇਂ ਕਾਨੂੰਨ ਵਿੱਚ ਮਜ਼ਦੂਰਾਂ ਨੂੰ ਉਨ੍ਹਾਂ ਦੀ ਰੁਜ਼ਗਾਰ ਦੀ ਮੰਗ ਦੇ ਅਨੁਸਾਰ ਨਿਰਧਾਰਿਤ ਸਮੇਂ-ਸੀਮਾ ਦੇ ਅੰਦਰ ਕੰਮ ਉਪਲਬਧ ਕਰਵਾਇਆ ਜਾਵੇਗਾ। ਅਜਿਹਾ ਨਾ ਹੋਣ ਦੀ ਸਥਿਤੀ ਵਿੱਚ ਮਜ਼ਦੂਰ ਬੇਰੁਜ਼ਗਾਰੀ ਭੱਤਾ ਪਾਉਣ ਦੇ ਹੱਕਦਾਰ ਹੋਣਗੇ। ਮਜ਼ਦੂਰੀ ਦਾ ਭੁਗਤਾਨ ਹਫ਼ਤਾਵਾਰੀ ਜਾਂ ਮਸਟਰ ਰੋਲ ਬੰਦ ਹੋਣ ਦੇ 15 ਦਿਨਾਂ ਦੇ ਅੰਦਰ ਡੀਬੀਟੀ (DBT) ਦੇ ਮਾਧਿਅਮ ਨਾਲ ਸਿੱਧਾ ਮਜ਼ਦੂਰਾਂ ਦੇ ਖਾਤਿਆਂ ਵਿੱਚ ਕੀਤਾ ਜਾਵੇਗਾ। ਜੇਕਰ ਅਜਿਹਾ ਨਹੀਂ ਹੁੰਦਾ ਹੈ, ਤਾਂ ਐਕਟ ਦੇ ਪ੍ਰਾਵਧਾਨਾਂ ਦੇ ਅਨੁਸਾਰ ਮਜ਼ਦੂਰ ਦੇਰੀ ਲਈ ਮੁਆਵਜ਼ਾ ਪਾਉਣ ਦੇ ਪਾਤਰ ਹੋਣਗੇ। ਮੌਜੂਦਾ ਈ-ਕੇਵਾਈਸੀ (e-KYC) ਪ੍ਰਮਾਣਿਤ ਮਨਰੇਗਾ ਜੌਬ ਕਾਰਡ, ਗ੍ਰਾਮੀਣ ਰੁਜ਼ਗਾਰ ਗਰੰਟੀ ਕਾਰਡ ਜਾਰੀ ਹੋਣ ਤੱਕ 'ਵਿਕਸਿਤ ਭਾਰਤ-ਜੀ ਰਾਮ ਜੀ' ਦੇ ਅਧੀਨ ਮਾਨਤਾ ਪ੍ਰਾਪਤ ਰਹਿਣਗੇ। ਸਿਰਫ਼ ਈ-ਕੇਵਾਈਸੀ ਪੈਂਡਿੰਗ ਹੋਣ ਕਾਰਨ ਕਿਸੇ ਵੀ ਮਜ਼ਦੂਰ ਨੂੰ ਰੁਜ਼ਗਾਰ ਤੋਂ ਵਾਂਝਾ ਨਹੀਂ ਕੀਤਾ ਜਾਵੇਗਾ।

## ਭੋਪਾਲ ਵਿੱਚ ਨੇਵਲ ਸੇਲਿੰਗ ਸੈਂਟਰ (Naval Sailing Centre) ਦੀ ਸ਼ੁਰੂਆਤ

**ਭਾਰਤੀ ਜਲ ਸੈਨਾ ਨੇ 17 ਮਈ, 2026 ਨੂੰ ਭੋਪਾਲ ਦੀ ਮਸ਼ਹੂਰ ਅੱਪਰ ਲੇਕ ਵਿੱਚ ਆਪਣੇ ਪ੍ਰਮੁੱਖ ਨੇਵਲ ਸੇਲਿੰਗ ਸੈਂਟਰ ਦੀ ਸ਼ੁਰੂਆਤ ਕੀਤੀ, ਜਿਸ ਨੂੰ ਭੋਜਤਾਲ ਦੇ ਨਾਮ ਨਾਲ ਵੀ ਜਾਣਿਆ ਜਾਂਦਾ ਹੈ । ਆਧੁਨਿਕ ਸਹੂਲਤਾਂ ਨਾਲ ਲੈਸ ਇਹ ਸੇਲਿੰਗ ਸੈਂਟਰ ਭਾਰਤੀ ਜਲ ਸੈਨਾ ਦੀ ਸੇਲਿੰਗ ਟੀਮ, ਜਲ ਸੈਨਾ ਦੀ ਰੋਇੰਗ, ਕੈਨੋਇੰਗ ਅਤੇ ਕਯਾਕਿੰਗ ਟੀਮਾਂ ਦੇ ਨਾਲ ਹੀ ਨੈਸ਼ਨਲ ਕੈਡੇਟ ਕੋਰ (ਐੱਨਸੀਸੀ) ਦੀ ਟ੍ਰੇਨਿੰਗ ਲਈ ਵਿਆਪਕ ਤੌਰ 'ਤੇ ਉਪਯੋਗ ਕੀਤਾ ਜਾਵੇਗਾ। ਵਰਤਮਾਨ ਵਿੱਚ ਜਲ ਸੈਨਾ ਸੇਲਿੰਗ ਟੀਮ ਦੇ ਕੁੱਲ 34 ਮੈਂਬਰਾਂ ਵਿੱਚੋਂ 17 ਮੈਂਬਰ ਮੱਧ ਪ੍ਰਦੇਸ਼ ਤੋਂ ਹਨ। ਇਸ ਸਹੂਲਤ ਦਾ ਉਦੇਸ਼ ਰਾਜ ਦੇ ਵੱਧ ਤੋਂ ਵੱਧ ਨੌਜਵਾਨਾਂ ਨੂੰ ਮੁਕਾਬਲੇਬਾਜ਼ੀ ਵਾਲੀਆਂ ਜਲ ਖੇਡਾਂ ਨੂੰ ਅਪਣਾਉਣ ਲਈ ਪ੍ਰੇਰਿਤ ਕਰਨਾ ਅਤੇ ਉਨ੍ਹਾਂ ਨੂੰ ਰੱਖਿਆ ਬਲਾਂ ਵਿੱਚ ਸ਼ਾਮਲ ਹੋਣ ਦੇ ਲਈ ਉਤਸ਼ਾਹਿਤ ਕਰਨਾ ਹੈ। ਇਹ ਪਹਿਲ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਓਲੰਪਿਕ ਅਤੇ ਏਸ਼ੀਆਈ ਖੇਡਾਂ ਲਈ ਵਿਸ਼ਵ ਪੱਧਰੀ ਖੇਡ ਪ੍ਰਤਿਭਾਵਾਂ ਨੂੰ ਉਤਸ਼ਾਹਿਤ ਕਰਨ ਦੇ ਵਿਜ਼ਨ ਨੂੰ ਸਾਕਾਰ ਕਰਨ ਦੀ ਦਿਸ਼ਾ ਵਿੱਚ ਇੱਕ ਮਹੱਤਵਪੂਰਨ ਕਦਮ ਹੈ।**




## 'ਕੌਫ਼ੀਜ਼ ਆਫ਼ ਨਾਗਾਲੈਂਡ' ਮਿਸ਼ਨ ਦੀ ਸ਼ੁਰੂਆਤ

ਨਾਗਾਲੈਂਡ ਦੇ ਲਈ ਕਲਸਟਰ-ਅਧਾਰਿਤ 'ਕੌਫ਼ੀ ਮੁੱਲ ਲੜੀ ਵਿਕਾਸ ਮਿਸ਼ਨ' ਦੀ ਸ਼ੁਰੂਆਤ ਕੀਤੀ ਗਈ ਹੈ। 175 ਕਰੋੜ ਰੁਪਏ ਦੇ ਖਰਚੇ ਦੇ ਨਾਲ 'ਕੌਫ਼ੀਜ਼ ਆਫ਼ ਨਾਗਾਲੈਂਡ' ਮਿਸ਼ਨ ਦੀ ਰੂਪ-ਰੇਖਾ ਤੈਅ ਕੀਤੀ ਗਈ ਹੈ। ਇਸ ਮਿਸ਼ਨ ਵਿੱਚ ਇਹ ਯਕੀਨੀ ਬਣਾਇਆ ਗਿਆ ਹੈ ਕਿ ਇਸ ਵਿੱਚ ਸ਼ਾਮਲ ਉਪਾਅ ਜ਼ਮੀਨੀ ਹਕੀਕਤਾਂ ਅਤੇ ਕੌਫ਼ੀ ਉਤਪਾਦਕ ਭਾਈਚਾਰਿਆਂ ਦੀਆਂ ਇੱਛਾਵਾਂ ਦੇ ਅਨੁਕੂਲ ਹੋਣ। ਇਹ ਮਿਸ਼ਨ ਕਲਸਟਰ-ਅਧਾਰਿਤ ਪਹੁੰਚ ਦੇ ਅਨੁਰੂਪ ਹੈ। ਇੰਨਾ ਹੀ ਨਹੀਂ, ਉੱਤਰ-ਪੂਰਬੀ ਖੇਤਰ ਵਿਕਾਸ ਅਤੇ ਸੰਚਾਰ ਮੰਤਰੀ ਜਯੋਤਿਰਾਦਿੱਤਿਆ ਐੱਮ. ਸਿੰਧਿਆ ਨੇ 'ਅਰੁਣਾਚਲ ਕੀਵੀ: ਅਰੁਣਾਚਲ ਪ੍ਰਦੇਸ਼ ਦੀ ਯੂਐੱਸਪੀ - ਅਰੁਣਾਚਲ ਪ੍ਰਦੇਸ਼ ਰਾਜ ਲਈ ਕਲਸਟਰ-ਅਧਾਰਿਤ ਕੀਵੀ ਖੇਤੀ ਅਤੇ ਮੁੱਲ ਲੜੀ ਵਿਕਾਸ ਮਿਸ਼ਨ' ਦੀ ਵੀ ਸ਼ੁਰੂਆਤ ਕੀਤੀ।



# ਭਾਰਤ ਦੀ ਪਹਿਲੀ ਸਵਦੇਸ਼ੀ ਹਾਈਡ੍ਰੋਜਨ ਟ੍ਰੇਨ... ਸਿਰਫ਼ ਪਾਣੀ ਦੀ ਭਾਫ਼

ਭਾਰਤ ਦੀ ਪਹਿਲੀ ਸਵਦੇਸ਼ੀ ਹਾਈਡ੍ਰੋਜਨ ਟ੍ਰੇਨ ਪਟੜੀ 'ਤੇ ਦੌੜਨ ਲਈ ਤਿਆਰ ਹੈ। ਹੁਣ ਬਿਨਾਂ ਧੂੰਏਂ ਅਤੇ ਪ੍ਰਦੂਸ਼ਣ ਵਾਲੇ ਭਵਿੱਖ ਦੀ ਇਹ ਟ੍ਰੇਨ 1,200 ਕਿਲੋਵਾਟ ਇੰਜਣ ਦੇ ਨਾਲ ਵੱਧ ਤੋਂ ਵੱਧ 75 ਕਿਲੋਮੀਟਰ ਪ੍ਰਤੀ ਘੰਟੇ ਦੀ ਰਫ਼ਤਾਰ ਨਾਲ ਚੱਲੇਗੀ। ਭਾਰਤੀ ਰੇਲਵੇ ਨੇ ਉੱਤਰੀ ਰੇਲਵੇ ਦੇ ਜੀਂਦ-ਸੋਨੀਪਤ ਸੈਕਸ਼ਨ 'ਤੇ ਹਾਈਡ੍ਰੋਜਨ ਫਿਊਲ ਸੈੱਲ ਆਧਾਰਿਤ 10 ਕੋਚਾਂ ਵਾਲੀ ਇਸ ਟ੍ਰੇਨ ਨੂੰ ਚਲਾਉਣ ਦੀ ਮਨਜ਼ੂਰੀ ਦੇ ਦਿੱਤੀ ਹੈ। ਇਹ ਰੇਲਵੇ ਵਿੱਚ ਅਗਲੀ ਪੀੜ੍ਹੀ ਦੀ ਈਂਧਣ ਤਕਨਾਲੋਜੀ ਦੇ ਵਿਕਾਸ ਵਿੱਚ ਇੱਕ ਮਹੱਤਵਪੂਰਨ ਕਦਮ ਮੰਨਿਆ ਜਾ ਰਿਹਾ ਹੈ।

ਹਾਈਡ੍ਰੋਜਨ ਟ੍ਰੇਨ ਦੀ ਪਹਿਲ ਦੇ ਨਾਲ, ਭਾਰਤ ਹੁਣ ਜਰਮਨੀ, ਜਾਪਾਨ, ਚੀਨ ਅਤੇ ਸੰਯੁਕਤ ਰਾਜ ਅਮਰੀਕਾ ਵਰਗੇ ਚੋਣਵੇਂ ਦੇਸ਼ਾਂ ਦੇ ਉਸ ਐਲੀਟ ਕਲੱਬ ਵਿੱਚ ਸ਼ਾਮਲ ਹੋ ਗਿਆ ਹੈ ਜੋ ਸਵੱਛ ਰੇਲ ਆਵਾਜਾਈ ਦੇ ਲਈ ਹਾਈਡ੍ਰੋਜਨ ਦੀ ਵਰਤੋਂ ਦੀਆਂ ਸੰਭਾਵਨਾਵਾਂ ਦਾ ਪਤਾ ਲਗਾ ਰਹੇ ਹਨ। ਨਵੀਂ ਸੋਚ, ਨਵੀਂ ਊਰਜਾ ਦੇ ਨਾਲ ਨਵੇਂ ਭਾਰਤ ਦੀ ਇਸ ਹਾਈਡ੍ਰੋਜਨ ਟ੍ਰੇਨ ਤੋਂ ਪ੍ਰਦੂਸ਼ਣ ਨਹੀਂ, ਸਿਰਫ਼ ਪਾਣੀ ਦੀ ਭਾਫ਼ ਦੀ ਨਿਕਾਸੀ ਹੁੰਦੀ ਹੈ। ਸਵਦੇਸ਼ੀ ਤਕਨੀਕ, ਸੁਰੱਖਿਅਤ ਸੰਚਾਲਨ ਦੇ ਨਾਲ ਸਵੱਛ ਊਰਜਾ ਵਾਲੀ ਇਹ ਟ੍ਰੇਨ ਭਾਰਤ ਦੀ ਜ਼ੀਰੋ ਕਾਰਬਨ ਨਿਕਾਸੀ (ਨੈੱਟ ਜ਼ੀਰੋ) ਦੀ ਦਿਸ਼ਾ ਵਿੱਚ ਇੱਕ ਮਹੱਤਵਪੂਰਨ ਕਦਮ ਹੈ।




## 30 ਜੂਨ ਤੱਕ ਦੇਸ਼ ਭਰ ਵਿੱਚ ਚੱਲੇਗਾ 'ਖੇਤ ਬਚਾਓ ਅਭਿਆਨ'

"ਖੇਤ ਬਚਾਓ ਅਭਿਆਨ" ਸਿਰਫ਼ ਇੱਕ ਜਾਗਰੂਕਤਾ ਪ੍ਰੋਗਰਾਮ ਨਹੀਂ, ਸਗੋਂ ਖੇਤ, ਕਿਸਾਨ ਅਤੇ ਪਿੰਡ ਨੂੰ ਜੋੜਨ ਵਾਲਾ ਇੱਕ ਵਿਆਪਕ ਰਾਸ਼ਟਰੀ ਅਭਿਆਨ ਹੈ। ਇਸ ਅਭਿਆਨ ਨੂੰ ਪਿੰਡ-ਪਿੰਡ ਤੱਕ ਪਹੁੰਚਾਇਆ ਜਾ ਰਿਹਾ ਹੈ। ਇਸ ਅਭਿਆਨ ਦਾ ਮੁੱਖ ਫੋਕਸ ਰਸਾਇਣਕ ਖਾਦਾਂ ਅਤੇ ਉਸ ਦੇ ਅਸੰਤੁਲਿਤ ਉਪਯੋਗ ਨੂੰ ਘੱਟ ਕਰਨ 'ਤੇ ਹੈ। ਅਭਿਆਨ ਵਿੱਚ ਕਿਸਾਨਾਂ ਨੂੰ ਮਿੱਟੀ ਦੀ ਪਰਖ ਦੇ ਅਧਾਰ 'ਤੇ ਸੰਤੁਲਿਤ ਅਤੇ ਸਹੀ ਮਾਤਰਾ ਵਿੱਚ ਖਾਦ ਦੀ ਵਰਤੋਂ ਸਮੇਤ ਕਈ ਹੋਰ ਜਾਣਕਾਰੀਆਂ ਦਿੱਤੀਆਂ ਜਾਣਗੀਆਂ।



## 'ਹਾਈ-ਲੇਵਲ ਕਮੇਟੀ ਔਨ ਡੈਮੋਗ੍ਰਾਫਿਕ ਚੇਂਜ' ਦਾ ਗਠਨ

ਘੁਸਪੈਠ ਅਤੇ ਹੋਰ ਕਾਰਨਾਂ ਕਰਕੇ ਗ਼ੈਰ-ਕੁਦਰਤੀ ਜਨਸੰਖਿਆ ਤਬਦੀਲੀ ਕਿਸੇ ਵੀ ਰਾਸ਼ਟਰ ਦੇ ਵਰਤਮਾਨ ਅਤੇ ਭਵਿੱਖ ਦੇ ਲਈ ਇੱਕ ਬਹੁਤ ਵੱਡੀ ਚੁਣੌਤੀ ਹੈ। ਇਸੇ ਚੁਣੌਤੀ ਨਾਲ ਨਜਿੱਠਣ ਦੇ ਲਈ 15 ਅਗਸਤ 2025 ਨੂੰ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ "ਹਾਈ-ਲੇਵਲ ਕਮੇਟੀ ਔਨ ਡੈਮੋਗ੍ਰਾਫਿਕ ਚੇਂਜ" ਦੀ ਘੋਸ਼ਣਾ ਕੀਤੀ ਸੀ। ਇਸ ਪ੍ਰਸਤਾਵ ਨੂੰ ਕੇਂਦਰੀ ਕੈਬਨਿਟ ਨੇ ਮਨਜ਼ੂਰੀ ਦੇ ਦਿੱਤੀ ਸੀ। ਹੁਣ ਸਰਕਾਰ ਨੇ ਇਸ ਕਮੇਟੀ ਦਾ ਗਠਨ ਕਰ ਦਿੱਤਾ ਹੈ। ਇਹ ਕਮੇਟੀ, ਗ਼ੈਰ-ਕਾਨੂੰਨੀ ਪ੍ਰਵਾਸ ਅਤੇ ਹੋਰ ਅਸਧਾਰਣ ਕਾਰਨਾਂ ਕਰਕੇ ਪੂਰੇ ਭਾਰਤ ਵਿੱਚ ਹੋ ਰਹੀਆਂ ਜਨਸੰਖਿਆ ਤਬਦੀਲੀਆਂ ਦਾ ਵਿਆਪਕ ਮੁਲਾਂਕਣ ਕਰੇਗੀ ਅਤੇ ਧਾਰਮਿਕ ਤੇ ਸਮਾਜਿਕ ਭਾਈਚਾਰਿਆਂ ਦੇ ਪੱਧਰ 'ਤੇ ਅਸਧਾਰਣ ਜਨਸੰਖਿਆ ਤਬਦੀਲੀਆਂ ਦੇ ਪੈਟਰਨ ਦਾ ਵਿਸ਼ਲੇਸ਼ਣ ਕਰੇਗੀ। ਨਾਲ ਹੀ ਇਸ ਦਾ ਯੋਜਨਾਬੱਧ ਅਤੇ ਸਮਾਂਬੱਧ ਸਮਾਧਾਨ ਪੇਸ਼ ਕਰੇਗੀ।



ਜਨਮ: 21 ਜੂਨ 1987

# ਮਾਊਂਟ ਐਵਰੈਸਟ ਫਤਹਿ ਕਰਨ ਵਾਲੀ ਪਹਿਲੀ ਭਾਰਤੀ ਕਬਾਇਲੀ ਮਹਿਲਾ

*ਐਵਰੈਸਟ ਫਤਹਿ ਕਰਨ ਵਾਲੀ ਪਹਿਲੀ ਕਬਾਇਲੀ ਮਹਿਲਾ ਬਣ ਕੇ ਝਾਰਖੰਡ ਦੀ ਵਿਨੀਤਾ ਸੋਰੇਨ ਨੇ ਇਤਿਹਾਸ ਰਚ ਦਿੱਤਾ। 25 ਸਾਲ ਦੀ ਉਮਰ ਵਿੱਚ ਵਿਨੀਤਾ ਨੇ ਜਿਸ ਉੱਚਾਈ ਨੂੰ ਛੂਹਿਆ, ਉਸ ਦੇ ਪਿੱਛੇ ਉਨ੍ਹਾਂ ਦੀ ਮਿਹਨਤ ਅਤੇ ਅਦੁੱਤੀ ਸਾਹਸ ਦੀ ਕਹਾਣੀ ਹੈ। ਦੁਨੀਆ ਦੇ ਸਭ ਤੋਂ ਉੱਚੇ ਸਿਖਰ ਨੂੰ ਛੂਹ ਕੇ ਉਨ੍ਹਾਂ ਨੇ ਇਹ ਸਾਬਤ ਕਰ ਦਿੱਤਾ ਕਿ ਸੁਪਨਿਆਂ ਦੀ ਉੱਚਾਈ ਕਿਸੇ ਸਮਾਜਿਕ ਸੀਮਾ ਵਿੱਚ ਨਹੀਂ ਬੱਝੀ ਹੁੰਦੀ। ਝਾਰਖੰਡ ਦੇ ਇੱਕ ਛੋਟੇ ਜਿਹੇ ਪਿੰਡ ਤੋਂ ਦੁਨੀਆ ਦੀ ਸਭ ਤੋਂ ਉੱਚੀ ਚੋਟੀ ਤੱਕ ਦਾ ਸਫ਼ਰ ਤੈਅ ਕਰਨ ਵਾਲੀ ਵਿਨੀਤਾ ਸੋਰੇਨ ਅੱਜ ਦੇਸ਼ ਭਰ ਦੀਆਂ ਲੜਕੀਆਂ ਲਈ ਬਣ ਚੁੱਕੀ ਹੈ ਪ੍ਰੇਰਨਾ...*

ਮਾਊਂਟ ਐਵਰੇਸਟ ਫਤਹਿ ਕਰਨ ਵਾਲੀ ਵਿਨੀਤਾ ਦਾ ਜੀਵਨ ਆਮ ਆਦਿਵਾਸੀ ਲੜਕੀਆਂ ਦੀ ਤਰ੍ਹਾਂ ਸ਼ੁਰੂ ਹੋਇਆ। ਇੱਥੇ ਇਸ ਆਮ ਜੀਵਨ ਦੀਆਂ ਸੀਮਾਵਾਂ ਖੇਤਾਂ ਵਿੱਚ ਕੰਮ ਕਰਨ, ਸੀਮਿਤ ਸਿੱਖਿਆ ਅਤੇ ਸੀਮਿਤ ਸੁਪਨਿਆਂ ਤੱਕ ਹੀ ਨਿਰਧਾਰਿਤ ਸਨ ਪਰ ਵਿਨੀਤਾ ਦੇ ਸੁਪਨੇ ਐਵਰੇਸਟ ਤੋਂ ਵੀ ਉੱਚੇ ਸਨ। 21 ਜੂਨ 1987 ਨੂੰ ਜਨਮੀ ਵਿਨੀਤਾ ਨੇ ਨਾ ਸਿਰਫ਼ ਮਾਊਂਟ ਐਵਰੇਸਟ ਫਤਹਿ ਕੀਤੀ, ਸਗੋਂ ਆਪਣੇ ਜਨੂੰਨ, ਜਜ਼ਬੇ ਅਤੇ ਜ਼ਿੱਦ ਦੇ ਬਲ 'ਤੇ ਭਾਰਤੀ ਆਦਿਵਾਸੀ ਸਮਾਜ ਨੂੰ ਵੀ ਇੱਕ ਨਵੀਂ ਪਛਾਣ ਦਿਵਾਈ।

ਕੋਲਹਾਨ ਦੀ ਬੇਟੀ ਵਿਨੀਤਾ ਸੋਰੇਨ ਦਾ ਬਚਪਨ ਖੇਤਾਂ ਅਤੇ ਸੀਮਿਤ ਸੋਚ ਦੇ ਵਿਚਕਾਰ ਬੀਤਿਆ। ਉਨ੍ਹਾਂ ਦੇ ਪਿੰਡ ਅਤੇ ਆਲੇ-ਦੁਆਲੇ ਦੇ ਇਲਾਕਿਆਂ ਵਿੱਚ ਲੜਕੀਆਂ ਲਈ ਟੀਚਿੰਗ ਜਾਂ ਨਰਸਿੰਗ ਹੀ ਕਰੀਅਰ ਮੰਨੇ ਜਾਂਦੇ ਸਨ, ਪਰ ਉਨ੍ਹਾਂ ਦਾ ਸੁਪਨਾ ਬਿਲਕੁਲ ਵੱਖਰਾ ਸੀ। ਐਵਰੇਸਟ ਫਤਹਿ ਕਰਨ ਤੋਂ ਪਹਿਲਾਂ ਉਨ੍ਹਾਂ ਨੂੰ ਸੱਤ ਵਰ੍ਹਿਆਂ ਦੀ ਸਖ਼ਤ ਮਿਹਨਤ ਕਰਨੀ ਪਈ। ਇਸ ਦੌਰਾਨ ਉਨ੍ਹਾਂ ਨੇ ਸਿੱਖਿਆ ਕਿ ਪਹਾੜਾਂ 'ਤੇ ਚੜ੍ਹਨਾ ਸਿਰਫ਼ ਤਾਕਤ ਨਹੀਂ, ਸਗੋਂ ਮਾਨਸਿਕ ਮਜ਼ਬੂਤੀ, ਸਾਹਸ ਅਤੇ ਦ੍ਰਿੜ ਇਰਾਦੇ ਦੀ ਵੀ ਪ੍ਰੀਖਿਆ ਹੈ। ਅੱਤ ਦੀ ਠੰਢ ਅਤੇ ਬਰਫ਼ਬਾਰੀ ਦੇ ਦਰਮਿਆਨ ਕਈ ਵਾਰ ਮੁਸ਼ਕਲ ਪਲ ਆਏ। ਉਨ੍ਹਾਂ ਨੂੰ ਕਈ ਵਾਰ ਅਜਿਹਾ ਲੱਗਿਆ ਕਿ ਇਸ ਸਫ਼ਰ ਦੀ ਮੰਜ਼ਿਲ ਹੀ ਨਹੀਂ ਹੈ, ਪਰ ਉਨ੍ਹਾਂ ਦੀ ਹਿੰਮਤ, ਲਗਨ ਅਤੇ ਦੁਨੀਆ ਜਿੱਤ ਲੈਣ ਦੇ ਜਨੂੰਨ ਨੇ ਉਨ੍ਹਾਂ ਨੂੰ ਬਰਫ਼ੀਲੇ ਪਹਾੜ ਦੀ ਸਭ ਤੋਂ ਉੱਚੀ ਚੋਟੀ 'ਤੇ ਪਹੁੰਚਾ ਦਿੱਤਾ।

ਵਰ੍ਹੇ 2004 ਵਿੱਚ ਵਿਨੀਤਾ ਪਹਿਲੀ ਵਾਰ ਬਚੇਂਦਰੀ ਪਾਲ ਨੂੰ ਮਿਲੀ ਸੀ ਅਤੇ ਉਨ੍ਹਾਂ ਦੀ ਪ੍ਰੇਰਨਾ ਨਾਲ ਹੀ ਪਰਬਤਾਰੋਹੀ ਬਣਨ ਦਾ ਟੀਚਾ ਤੈਅ ਕੀਤਾ। ਮਾਊਂਟ ਐਵਰੇਸਟ 'ਤੇ ਚੜ੍ਹਨ ਵਾਲੀ ਪਹਿਲੀ ਭਾਰਤੀ ਮਹਿਲਾ ਬਚੇਂਦਰੀ ਪਾਲ ਨੇ ਹੀ ਝਾਰਖੰਡ ਦੀ ਵਿਨੀਤਾ ਸੋਰੇਨ ਨੂੰ ਸਿਖਲਾਈ ਦਿੱਤੀ ਸੀ। ਆਦਿਵਾਸੀ ਅਤੇ ਕਿਸਾਨ ਪਰਿਵਾਰ ਤੋਂ ਹੋਣ ਦੀ ਵਜ੍ਹਾ ਨਾਲ ਪਰਬਤਾਰੋਹੀ ਬਣਨ ਦੀ ਉਨ੍ਹਾਂ ਦੀ ਹਿੰਮਤ ਨਹੀਂ ਪੈ ਰਹੀ ਸੀ। ਘਰ ਤੋਂ ਬਾਹਰ ਨਿਕਲਣਾ ਹੀ ਉਨ੍ਹਾਂ ਦੇ ਲਈ ਐਵਰੇਸਟ ਚੜ੍ਹਨ ਵਰਗਾ ਸੀ, ਪਰ ਪਰਿਵਾਰ ਨੇ ਭਰੋਸਾ ਜਤਾਇਆ, ਜਿਸ ਨਾਲ ਅੱਗੇ ਵਧਣ ਦੀ ਹਿੰਮਤ ਮਿਲੀ। ਸਖ਼ਤ ਸਿਖਲਾਈ ਤੋਂ ਬਾਅਦ ਜਦੋਂ ਬਚੇਂਦਰੀ ਪਾਲ ਨੇ ਵਿਨੀਤਾ ਨੂੰ ਕਿਹਾ ਕਿ ਹੁਣ ਤੁਸੀ ਐਵਰੇਸਟ ਦੇ ਲਈ ਤਿਆਰ ਹੋ ਤਾਂ ਉਹ ਖੁਦ ਨੂੰ ਰੋਕ ਨਹੀਂ ਸਕੀ। ਅੰਤ ਵਿੱਚ, ਉਨ੍ਹਾਂ ਨੇ ਐਵਰੇਸਟ ਫਤਹਿ ਕਰ ਲਿਆ। ਇਸ ਤੋਂ ਬਾਅਦ ਉਨ੍ਹਾਂ ਨੇ ਕਈ ਹੋਰ ਉੱਚੀਆਂ ਚੋਟੀਆਂ ਨੂੰ ਵੀ ਫਤਹਿ ਕੀਤਾ। ਅੱਜ ਉਨ੍ਹਾਂ ਦੇ ਪਰਿਵਾਰ ਨੂੰ ਉਨ੍ਹਾਂ ਦੇ ਨਾਮ ਨਾਲ ਜਾਣਿਆ ਜਾਂਦਾ ਹੈ।

ਝਾਰਖੰਡ ਦੇ ਸਰਾਏਕੇਲਾ-ਖਰਸਾਵਾਂ ਜ਼ਿਲ੍ਹੇ ਦੇ ਕੇਸੋਰਸੋਰਾ ਪਿੰਡ ਦੀ ਮੂਲ ਨਿਵਾਸੀ ਵਿਨੀਤਾ ਨੂੰ ਕਾਰਪੋਰੇਟ ਸੋਸ਼ਲ ਰਿਸਪੌਂਸੀਬਿਲਿਟੀ (CSR) ਦੇ ਤਹਿਤ ਟਾਟਾ ਸਟੀਲ ਨੇ ਐਵਰੇਸਟ ਮੁਹਿੰਮ ਵਿੱਚ ਸਹਾਇਤਾ ਕੀਤੀ। ਵਿਸ਼ਵ ਦੇ ਸਭ ਤੋਂ ਉੱਚੇ 8,848 ਮੀਟਰ ਦੇ ਪਰਬਤ ਸਿਖਰ 'ਤੇ ਗ੍ਰਾਮੀਣ ਕਬਾਇਲੀ ਮਹਿਲਾ ਦਾ ਚੜ੍ਹਨਾ ਆਪਣੇ ਆਪ ਵਿੱਚ ਇੱਕ ਰਿਕਾਰਡ ਬਣ ਗਿਆ। ਉਨ੍ਹਾਂ ਦੀਆਂ ਉਪਲਬਧੀਆਂ ਦੇ ਲਈ ਦੇਸ਼ ਵਿੱਚ ਉਨ੍ਹਾਂ ਨੂੰ ਕਈ ਸਨਮਾਨ ਅਤੇ ਪੁਰਸਕਾਰ ਮਿਲ ਚੁੱਕੇ ਹਨ।




ਪ੍ਰਧਾਨ ਮੰਤਰੀ ਮੋਦੀ ਨੇ ਕੀਤੀ 51ਵੀਂ ਪ੍ਰਗਤੀ ਬੈਠਕ ਦੀ ਪ੍ਰਧਾਨਗੀ

# ਨਿਯਮਿਤ ਨਿਗਰਾਨੀ ਅਤੇ ਜਨਤਕ ਭਾਗੀਦਾਰੀ 'ਤੇ ਜ਼ੋਰ

*ਪ੍ਰਗਤੀ (ਪ੍ਰੋ-ਐਕਟਿਵ ਗਵਰਨੈਂਸ ਐਂਡ ਟਾਈਮਲੀ ਇੰਪਲੀਮੈਂਟੇਸ਼ਨ) ਭਾਰਤ ਵਿੱਚ ਡਿਜੀਟਲ ਗਵਰਨੈਂਸ ਦਾ ਇੱਕ ਅਹਿਮ ਅਤੇ ਪ੍ਰਭਾਵਸ਼ਾਲੀ ਮੰਚ ਬਣ ਚੁੱਕਿਆ ਹੈ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਨਿਯਮਿਤ ਪ੍ਰਧਾਨਗੀ ਵਿੱਚ ਇਸ ਮੰਚ ਨੇ ਮਾਰਚ 2015 ਤੋਂ ਹੁਣ ਤੱਕ 85 ਲੱਖ ਕਰੋੜ ਰੁਪਏ ਤੋਂ ਵੱਧ ਦੇ ਲਗਭਗ 390 ਵੱਡੇ ਪ੍ਰੋਜੈਕਟਾਂ ਨੂੰ ਤੇਜ਼ੀ ਨਾਲ ਅੱਗੇ ਵਧਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ। ਇਸੇ ਸਿਲਸਿਲੇ ਵਿੱਚ 27 ਮਈ ਨੂੰ ਪ੍ਰਧਾਨ ਮੰਤਰੀ ਮੋਦੀ ਨੇ ਪ੍ਰਗਤੀ ਦੀ 51ਵੀਂ ਬੈਠਕ ਦੀ ਪ੍ਰਧਾਨਗੀ ਕੀਤੀ, ਜਿਸ ਦਾ ਉਦੇਸ਼ ਕੇਂਦਰ ਅਤੇ ਰਾਜ ਸਰਕਾਰਾਂ ਦੇ ਯਤਨਾਂ ਨੂੰ ਜੋੜ ਕੇ ਪ੍ਰੋਜੈਕਟਾਂ ਨੂੰ ਬਿਹਤਰ ਅਤੇ ਸਮਾਂਬੱਧ ਤਰੀਕੇ ਨਾਲ ਪੂਰਾ ਕਰਨਾ ਰਿਹਾ...*

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਆਈਸੀਟੀ-ਸਮਰੱਥ, ਮਲਟੀ-ਮੋਡਲ ਪਲੈਟਫਾਰਮ ਪ੍ਰਗਤੀ ਦੀ 51ਵੀਂ ਬੈਠਕ ਦੀ ਪ੍ਰਧਾਨਗੀ ਵਿੱਚ ਲਗਭਗ 30,000 ਕਰੋੜ ਰੁਪਏ ਦੀ ਲਾਗਤ ਵਾਲੇ ਰੇਲਵੇ, ਬਿਜਲੀ ਅਤੇ ਸੜਕ ਖੇਤਰ ਨਾਲ ਜੁੜੇ ਸੱਤ ਬੁਨਿਆਦੀ ਢਾਂਚੇ ਪ੍ਰੋਜੈਕਟਾਂ ਦੀ ਸਮੀਖਿਆ ਕੀਤੀ। ਬੈਠਕ ਵਿੱਚ ਪ੍ਰਧਾਨ ਮੰਤਰੀ ਮੋਦੀ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਜਨਤਕ ਪ੍ਰੋਜੈਕਟਾਂ ਨੂੰ ਲਾਗੂ ਕਰਨ ਵਿੱਚ ਦੇਰੀ ਨਾਲ ਨਾ ਸਿਰਫ਼ ਲਾਗਤ ਵਧਦੀ ਹੈ, ਸਗੋਂ ਆਮ ਨਾਗਰਿਕਾਂ ਤੱਕ ਸਹੂਲਤ ਪਹੁੰਚਣ ਵਿੱਚ ਵੀ ਦੇਰੀ ਹੁੰਦੀ ਹੈ। ਉਨ੍ਹਾਂ ਨੇ ਕਿਹਾ ਕਿ ਹਰ ਦੇਰੀ ਦਾ ਲੋਕਾਂ ਦੇ ਜੀਵਨ, ਖੇਤਰੀ ਵਿਕਾਸ ਅਤੇ ਜਨਤਕ ਸਰੋਤਾਂ 'ਤੇ ਸਿੱਧਾ ਅਸਰ ਪੈਂਦਾ ਹੈ। ਅਜਿਹੇ ਵਿੱਚ ਮੰਤਰਾਲਿਆਂ, ਵਿਭਾਗਾਂ ਅਤੇ ਰਾਜਾਂ ਨੂੰ ਲੰਬਿਤ ਮੁੱਦਿਆਂ ਨੂੰ ਸੁਲਝਾਉਣ, ਰੁਕਾਵਟਾਂ ਨੂੰ ਦੂਰ ਕਰਨ ਅਤੇ ਕੰਮ ਨੂੰ ਤੇਜ਼ੀ ਨਾਲ ਪੂਰਾ ਕਰਨ ਲਈ ਸਰਗਰਮ ਤਰੀਕਾ ਅਪਣਾਉਣਾ ਚਾਹੀਦਾ ਹੈ।

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕਿਹਾ ਕਿ ਕੇਨ-ਬੇਤਵਾ ਨਦੀ ਜੋੜੋ ਪ੍ਰੋਜੈਕਟ ਨੂੰ ਦੂਜੇ ਰਾਜਾਂ ਦੇ ਲਈ ਇੱਕ ਮਾਡਲ ਦੇ ਤੌਰ 'ਤੇ ਕੰਮ ਕਰਨਾ ਚਾਹੀਦਾ ਹੈ, ਤਾਂ ਜੋ ਉਹ ਰਾਜਾਂ ਦੇ ਦਰਮਿਆਨ ਪਾਣੀ ਨਾਲ ਜੁੜੇ ਮੁੱਦਿਆਂ ਨੂੰ ਆਪਸੀ ਸਹਿਮਤੀ ਨਾਲ ਸੁਲਝਾ ਸਕਣ। ਉਨ੍ਹਾਂ ਨੇ ਰਾਜਾਂ ਨੂੰ ਠੋਸ ਕੂੜਾ ਪ੍ਰਬੰਧਨ ਨਾਲ ਜੁੜੇ ਇਨਫ੍ਰਾਸਟ੍ਰਕਚਰ ਨੂੰ ਜਲਦੀ ਤੋਂ ਜਲਦੀ ਪੂਰਾ ਕਰਨ ਲਈ ਕਿਹਾ, ਜਿਸ ਵਿੱਚ ਵੇਸਟ ਪ੍ਰੋਸੈਸਿੰਗ ਪਲਾਂਟ ਅਤੇ ਗੋਬਰਧਨ ਪਲਾਂਟ ਵੀ ਸ਼ਾਮਲ ਹਨ। ਦੂਜੇ ਪਾਸੇ, ਪ੍ਰਧਾਨ ਮੰਤਰੀ ਦੀ ਸਲਾਹ 'ਤੇ ਅਮਲ ਕਰਦੇ ਹੋਏ, ਰਾਜ ਪੱਧਰ 'ਤੇ ਸਮਾਜਿਕ ਖੇਤਰ ਦੀਆਂ ਯੋਜਨਾਵਾਂ ਦੀ ਮਾਸਿਕ ਸਮੀਖਿਆ ਦੀ ਵਿਵਸਥਾ ਸ਼ੁਰੂ ਕੀਤੀ ਗਈ ਹੈ, ਜਿਸ ਦੀ ਸ਼ੁਰੂਆਤ ਸਵੱਛ ਭਾਰਤ ਮਿਸ਼ਨ ਦੀ ਸਮੀਖਿਆ ਨਾਲ ਹੋਈ। ■

## ਪ੍ਰਧਾਨ ਮੰਤਰੀ ਮੋਦੀ ਨੇ ਕੀਤੀ ਮਹੱਤਵਪੂਰਨ ਪ੍ਰੋਜੈਕਟਾਂ ਦੀ ਸਮੀਖਿਆ

- ਰੇਲਵੇ, ਬਿਜਲੀ ਅਤੇ ਸੜਕ ਖੇਤਰਾਂ ਨਾਲ ਜੁੜੇ ਬੁਨਿਆਦੀ ਢਾਂਚੇ ਪ੍ਰੋਜੈਕਟਸ।
- ਸਵੱਛ ਭਾਰਤ ਮਿਸ਼ਨ-ਸ਼ਹਿਰੀ 2.0 ਅਤੇ ਕੇਨ-ਬੇਤਵਾ ਲਿੰਕ ਪ੍ਰੋਜੈਕਟ।
- ਸ਼ਹਿਰੀ ਇਲਾਕਿਆਂ ਵਿੱਚ ਮਿਸ਼ਨ-ਮੋਡ 'ਤੇ ਰੂਫਟੌਪ ਸੋਲਰ ਕਵਰੇਜ ਵਧਾਉਣ ਦਾ ਸੱਦਾ।

ਸਮੀਖਿਆ ਵਿੱਚ ਸ਼ਾਮਲ **30,000** ਕਰੋੜ ਰੁਪਏ ਦੇ ਨਿਵੇਸ਼ ਵਾਲੇ ਪ੍ਰੋਜੈਕਟਸ 9 ਰਾਜਾਂ ਵਿੱਚ ਫੈਲੇ ਹੋਏ ਹਨ।


International day of yoga
21st June

ਅੰਤਰਰਾਸ਼ਟਰੀ ਯੋਗ ਦਿਵਸ ਦੇ 12 ਵਰ੍ਹੇ

# ਯੋਗ ਬਣਿਆ ਦੁਨੀਆ ਦਾ ਸਭ ਤੋਂ ਵੱਡਾ ਸੱਭਿਆਚਾਰਕ ਉਤਸਵ

*"योगश्चित्तवृत्तिनिरोधः" ਭਾਵ ਚਿੱਤ ਦੀਆਂ ਬਿਰਤੀਆਂ ਨੂੰ ਰੋਕਣਾ ਹੀ ਯੋਗ ਹੈ। 2014 ਵਿੱਚ ਵੱਖਰੇ ਤੌਰ 'ਤੇ ਆਯੁਸ਼ ਮੰਤਰਾਲਾ ਬਣਾ ਕੇ ਸਿਹਤ ਸੇਵਾਵਾਂ ਵਿੱਚ ਆਯੁਰਵੇਦ ਦੇ ਨਾਲ ਯੋਗ ਅਤੇ ਹੋਰ ਰਵਾਇਤੀ ਚਿਕਿਤਸਾ ਪ੍ਰਣਾਲੀਆਂ ਨੂੰ ਏਕੀਕ੍ਰਿਤ ਕਰਨ ਦੀ ਪਹਿਲ ਕੀਤੀ ਗਈ। ਉੱਥੇ ਹੀ ਭਾਰਤ ਦੇ ਯਤਨਾਂ ਦੀ ਵਜ੍ਹਾ ਨਾਲ ਦੁਨੀਆ ਵਿੱਚ 21 ਜੂਨ 2015 ਤੋਂ ਅੰਤਰਰਾਸ਼ਟਰੀ ਯੋਗ ਦਿਵਸ ਦੀ ਸ਼ੁਰੂਆਤ ਹੋਈ। ਯੋਗ ਸਾਡੀ ਸੱਭਿਅਤਾ ਦੀ ਪਛਾਣ ਹੈ ਜੋ ਸਾਨੂੰ ਹਰ ਤਰ੍ਹਾਂ ਨਾਲ ਸਿਹਤਮੰਦ ਰੱਖਦਾ ਹੈ। ਅੱਜ ਯੋਗ ਦੇ ਦਮ 'ਤੇ ਭਾਰਤ ਪੂਰੀ ਦੁਨੀਆ ਵਿੱਚ ਆਪਣੀ 'ਸੌਫਟ ਪਾਵਰ' ਦਾ ਮਨਵਾ ਰਿਹਾ ਹੈ ਲੋਹਾ... ਇਸ ਵਰ੍ਹੇ 21 ਜੂਨ ਨੂੰ 12ਵਾਂ ਅੰਤਰਰਾਸ਼ਟਰੀ ਯੋਗ ਦਿਵਸ ਇੱਕ ਵਿਸ਼ੇਸ਼ ਮੌਕਾ ਲੈ ਕੇ ਆਇਆ ਹੈ। ਇਸ ਵਰ੍ਹੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਅਗਵਾਈ ਵਿੱਚ ਕੇਂਦਰ ਸਰਕਾਰ ਦੇ 12 ਵਰ੍ਹੇ ਪੂਰੇ ਹੋਏ ਹਨ, ਇਸ ਲਈ ਜੂਨ ਦਾ ਮਹੀਨਾ ਉਤਸਵ ਦਾ ਮਹੀਨਾ ਬਣ ਗਿਆ ਹੈ।*

ਆਮ ਹੋਵੇ ਜਾਂ ਖ਼ਾਸ, ਨੌਜਵਾਨ ਹੋਵੇ ਜਾਂ ਬਜ਼ੁਰਗ, ਮਹਿਲਾ ਹੋਵੇ ਜਾਂ ਬੱਚਾ, ਆਸਤਿਕ ਹੋਵੇ ਜਾਂ ਨਾਸਤਿਕ, 'ਯੋਗ' ਅੱਜ ਸਾਰੀ ਉਮਰ ਦੇ ਲੋਕਾਂ ਦੇ ਸਰੀਰ, ਊਰਜਾ, ਦਿਮਾਗ ਅਤੇ ਮਨੋਭਾਵ ਦੀ ਪਛਾਣ ਬਣ ਗਿਆ ਹੈ। ਇਹ ਧਰਮ, ਸੰਪਰਦਾ, ਜਾਤ, ਅਮੀਰ-ਗਰੀਬ, ਦੇਸ਼ਾਂ ਨੂੰ ਵੱਖ ਕਰਨ ਵਾਲੀ ਸਰਹੱਦ ਤੋਂ ਪਾਰ ਪੂਰੇ ਵਿਸ਼ਵ ਦੀ ਇੱਕ ਪਛਾਣ ਬਣ ਗਿਆ ਹੈ। ਯੋਗ ਦੀ ਇਸੇ ਵਿਸ਼ੇਸ਼ਤਾ 'ਤੇ ਸੰਸਕ੍ਰਿਤ ਦੇ ਮਹਾਨ ਕਵੀ ਭਰਤਹਰੀ ਨੇ ਸਦੀਆਂ ਪਹਿਲਾਂ ਆਪਣੇ ਸ਼ਤਕਤ੍ਰਯਮ੍ ਵਿੱਚ ਲਿਖਿਆ ਸੀ—

**धैर्यं यस्य पिता क्षमा च जननी शान्तिश्चिरं गेहिनी।**
**सत्यं सूनुरयं दया च भगिनी भ्राता मनःसंयमः॥**
**शय्या भूमितलं दिशोपि वसनं ज्ञानामृतं भोजनम्।**
**एते यस्य कुटुम्बिनः वद सखे कस्माद्भयं योगिनः॥**

ਸਦੀਆਂ ਪਹਿਲਾਂ ਕਹੀ ਗਈ ਇਸ ਗੱਲ ਦਾ ਸਿੱਧਾ-ਸਿੱਧਾ ਮਤਲਬ ਹੈ ਕਿ ਨਿਯਮਿਤ ਯੋਗ ਅਭਿਆਸ ਕਰਨ 'ਤੇ ਕੁਝ ਚੰਗੇ ਗੁਣ ਸਕੇ-ਸੰਬੰਧੀਆਂ ਅਤੇ ਮਿੱਤਰਾਂ ਵਾਂਗ ਹੋ ਜਾਂਦੇ ਹਨ। ਯੋਗ ਕਰਨ ਨਾਲ ਸਾਹਸ ਪੈਦਾ ਹੁੰਦਾ ਹੈ ਜੋ ਹਮੇਸ਼ਾ ਹੀ ਪਿਤਾ ਦੀ ਤਰ੍ਹਾਂ ਸਾਡੀ ਰੱਖਿਆ ਕਰਦਾ ਹੈ। ਖ਼ਿਮਾ ਦਾ ਭਾਵ ਪੈਦਾ ਹੁੰਦਾ ਹੈ, ਜਿਵੇਂ ਮਾਂ ਦਾ ਆਪਣੇ ਬੱਚਿਆਂ ਲਈ ਹੁੰਦਾ ਹੈ ਅਤੇ ਮਾਨਸਿਕ ਸ਼ਾਂਤੀ ਸਾਡੀ ਪੱਕੀ ਮਿੱਤਰ ਬਣ ਜਾਂਦੀ ਹੈ। ਭਰਤਹਰੀ ਨੇ ਕਿਹਾ ਹੈ ਕਿ ਨਿਯਮਿਤ ਯੋਗ ਕਰਨ ਨਾਲ ਸੱਚ ਸਾਡੀ ਸੰਤਾਨ, ਦਇਆ ਸਾਡੀ ਭੈਣ, ਆਤਮ-ਸੰਜਮ ਸਾਡਾ ਭਰਾ, ਖ਼ੁਦ ਧਰਤੀ ਸਾਡਾ ਬਿਸਤਰਾ ਅਤੇ ਗਿਆਨ ਸਾਡੀ ਭੁੱਖ ਮਿਟਾਉਣ ਵਾਲਾ ਬਣ ਜਾਂਦਾ ਹੈ। ਜਦੋਂ ਇੰਨੇ ਸਾਰੇ ਗੁਣ ਕਿਸੇ ਦੇ ਸਾਥੀ ਬਣ ਜਾਣ ਤਾਂ ਯੋਗੀ ਹਰ ਪ੍ਰਕਾਰ ਦੇ ਡਰ 'ਤੇ ਜਿੱਤ ਪ੍ਰਾਪਤ ਕਰ ਲੈਂਦਾ ਹੈ।

ਦਰਅਸਲ ਮੁਫ਼ਤ ਵਿੱਚ ਕੋਈ ਵੀ ਸਿਹਤ ਬੀਮਾ ਨਹੀਂ ਹੁੰਦਾ ਹੈ, ਲੇਕਿਨ ਯੋਗ ਸਿਹਤ ਦੀ ਇੱਕੋ-ਇੱਕ ਅਜਿਹੀ ਗਰੰਟੀ ਹੈ ਜੋ ਜ਼ੀਰੋ ਬਜਟ ਵਿੱਚ ਸਿਹਤ ਦਾ ਭਰੋਸਾ ਦਿੰਦੀ ਹੈ। ਇਸ ਲਈ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਕਹਿੰਦੇ ਹਨ, 'ਇਸ ਸਦੀ ਵਿੱਚ ਅਸੀਂ ਅਨੁਭਵ ਕਰ ਰਹੇ ਹਾਂ ਕਿ ਯੋਗ ਨੇ ਵਿਸ਼ਵ ਨੂੰ ਜੋੜ ਦਿੱਤਾ ਹੈ। ਜਿਵੇਂ ਯੋਗ ਸਰੀਰ, ਮਨ, ਬੁੱਧੀ, ਆਤਮਾ ਨੂੰ ਜੋੜਦਾ ਹੈ, ਵੈਸੇ ਹੀ ਯੋਗ ਅੱਜ ਵਿਸ਼ਵ ਨੂੰ ਵੀ ਜੋੜ ਰਿਹਾ ਹੈ। ਹਰ ਕੋਈ ਚਾਹੁੰਦਾ ਹੈ ਕਿ ਤਣਾਅ ਮੁਕਤ ਜੀਵਨ ਹੋਵੇ, ਬੀਮਾਰੀ ਤੋਂ ਮੁਕਤ ਹੋਵੇ, ਪ੍ਰਸੰਨ ਹੋਵੇ, ਇਨ੍ਹਾਂ ਸਭ ਨੂੰ ਕਿਸੇ ਇੱਕ ਮਾਰਗ ਤੋਂ ਪਾਇਆ ਜਾ ਸਕਦਾ ਹੈ, ਤਾਂ ਉਹ ਮਾਰਗ ਹੈ ਯੋਗ ਦਾ। ਇੱਕ ਸੰਪੂਰਨ ਜੀਵਨ ਨੂੰ ਸੰਤੁਲਿਤ ਰੂਪ ਵਿੱਚ ਕਿਵੇਂ ਜੀਵਿਆ ਜਾ ਸਕਦਾ ਹੈ। ਤਨ ਤੋਂ, ਮਨ ਤੋਂ, ਵਿਚਾਰਾਂ ਤੋਂ, ਆਚਾਰਾਂ ਤੋਂ ਤੰਦਰੁਸਤ ਹੋਣ ਦੀ ਅੰਤਰਯਾਤਰਾ ਕਿਵੇਂ ਚੱਲੇ, ਇਹ ਅਨੁਭਵ ਕਰਨਾ ਹੈ ਤਾਂ ਯੋਗ ਦੇ ਮਾਧਿਅਮ ਨਾਲ ਹੋ ਸਕਦਾ ਹੈ।'"

ਯੋਗ ਸਿਰਫ਼ ਕਸਰਤ ਨਹੀਂ ਹੈ, ਸਗੋਂ ਖੁਦ ਦੇ ਨਾਲ, ਵਿਸ਼ਵ ਅਤੇ ਕੁਦਰਤ ਦੇ ਨਾਲ ਇੱਕਮਿਕਤਾ ਖੋਜਣ ਦਾ ਭਾਵ ਹੈ। ਪ੍ਰਧਾਨ ਮੰਤਰੀ ਬਣਨ ਦੇ ਸਿਰਫ਼ ਚਾਰ ਮਹੀਨਿਆਂ ਦੇ ਅੰਦਰ ਪ੍ਰਧਾਨ ਮੰਤਰੀ ਮੋਦੀ ਨੇ 27 ਸਤੰਬਰ 2014 ਨੂੰ ਯੋਗ ਨੂੰ ਅੰਤਰਰਾਸ਼ਟਰੀ ਮੰਚ 'ਤੇ ਪਛਾਣ ਦਿਵਾਉਣ ਦੀ ਪਹਿਲ ਕੀਤੀ, ਜਿਸ ਨੂੰ ਦਸੰਬਰ 2014 ਵਿੱਚ ਸੰਯੁਕਤ ਰਾਸ਼ਟਰ ਮਹਾਸਭਾ ਨੇ ਪ੍ਰਵਾਨਗੀ ਦੇ ਕੇ 21 ਜੂਨ ਨੂੰ ਅੰਤਰਰਾਸ਼ਟਰੀ ਯੋਗ ਦਿਵਸ ਦੇ ਰੂਪ ਵਿੱਚ ਮਾਨਤਾ ਦਿੱਤੀ।

## ਯੋਗ ਬਣਿਆ ਵਿਸ਼ਵਵਿਆਪੀ ਤਿਉਹਾਰ

योगःकर्मसु कौशलम।। ਅਰਥਾਤ, ਕਰਮ ਦੀ ਕੁਸ਼ਲਤਾ ਹੀ ਯੋਗ ਹੈ। ਇਹ ਮੰਤਰ ਹਮੇਸ਼ਾ ਸਾਨੂੰ ਸਿਖਾਉਂਦਾ ਹੈ ਕਿ ਯੋਗ ਦੇ ਦੁਆਰਾ ਜੀਵਨ ਵਿੱਚ ਵਧੇਰੇ ਯੋਗ ਬਣਨ ਦੀ ਸਮੱਰਥਾ ਪੈਦਾ ਹੁੰਦੀ ਹੈ। ਜੇਕਰ ਅਸੀਂ ਆਪਣਾ ਕੰਮ ਪੂਰੇ ਅਨੁਸ਼ਾਸਨ ਨਾਲ ਕਰਦੇ ਹਾਂ, ਆਪਣੀ ਜ਼ਿੰਮੇਵਾਰੀ ਨਿਭਾਉਂਦੇ ਹਾਂ, ਤਾਂ ਵੀ ਇਹ ਇੱਕ ਤਰ੍ਹਾਂ ਦਾ ਯੋਗ ਹੀ ਹੈ। ਇਸੇ ਮੰਤਰ ਨੂੰ ਸਾਕਾਰ ਕਰਦੇ ਹੋਏ ਯੋਗ ਨੂੰ ਅੰਤਰਰਾਸ਼ਟਰੀ ਮਾਨਤਾ ਦਿਵਾ ਕੇ ਭਾਰਤ ਨੇ 'ਸੌਫਟ ਪਾਵਰ' ਦੇ ਰੂਪ ਵਿੱਚ ਆਪਣੀ ਪਛਾਣ ਬਣਾਈ ਹੈ, ਤਾਂ ਯੋਗ ਨੂੰ ਕਰਮਯੋਗ ਨਾਲ ਜੋੜ ਕੇ ਵਿਅਕਤੀ, ਸਮਾਜ ਅਤੇ ਰਾਸ਼ਟਰ ਦੇ ਤੌਰ 'ਤੇ ਵਿਕਾਸ ਦੀ ਸ਼ਕਤੀ ਨੂੰ ਕਈ ਗੁਣਾ ਵਧਾ ਦਿੱਤਾ ਹੈ।

ਭਾਰਤ ਨੇ ਸਭ ਤੋਂ ਪ੍ਰਭਾਵਸ਼ਾਲੀ ਸਮੂਹ ਜੀ-20 ਦੀ ਪ੍ਰਧਾਨਗੀ ਕਰਦੇ ਹੋਏ, ਉਸਦੇ ਹਰ ਆਯੋਜਨ ਵਿੱਚ ਯੋਗ ਨੂੰ ਵਿਸ਼ੇਸ਼ ਤੌਰ 'ਤੇ ਹਿੱਸਾ ਬਣਾ ਕੇ ਭਾਰਤੀ ਸੱਭਿਅਤਾ ਦੀ ਪਛਾਣ ਨੂੰ ਮਜ਼ਬੂਤੀ ਦਿੱਤੀ। 2014 ਵਿੱਚ ਵੱਖਰੇ ਤੌਰ 'ਤੇ 'ਆਯੁਸ਼ ਮੰਤਰਾਲਾ' ਬਣਾ ਕੇ ਸਿਹਤ ਸੇਵਾਵਾਂ ਵਿੱਚ ਆਯੁਰਵੇਦ ਦੇ ਨਾਲ ਯੋਗ ਅਤੇ ਹੋਰ ਰਵਾਇਤੀ ਚਿਕਿਤਸਾ ਪ੍ਰਣਾਲੀਆਂ ਨੂੰ ਏਕੀਕ੍ਰਿਤ ਕਰਨ ਦੀ ਪਹਿਲ ਕੀਤੀ। ਭਾਰਤ ਦੇ ਇਹਨਾਂ ਯਤਨਾਂ ਦੇ ਕਾਰਨ ਹੀ ਦੁਨੀਆ ਵਿੱਚ 21 ਜੂਨ 2015 ਤੋਂ ਅੰਤਰਰਾਸ਼ਟਰੀ ਯੋਗ ਦਿਵਸ ਦੀ ਸ਼ੁਰੂਆਤ ਹੋਈ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਯਤਨਾਂ ਦਾ ਹੀ ਨਤੀਜਾ ਹੈ ਕਿ ਭਾਰਤ ਦੀ ਪ੍ਰਾਚੀਨਤਮ ਅਤੇ ਸਮ੍ਰਿੱਧ ਪਰੰਪਰਾ ਦੇ ਰੂਪ ਵਿੱਚ ਯੋਗ ਬਿਮਾਰੀਆਂ ਤੋਂ ਬਚਾਅ ਦਾ ਸਾਧਨ ਬਣਿਆ ਅਤੇ ਦੁਨੀਆ ਨੂੰ ਵੀ ਇਸ ਸ਼ਕਤੀ ਦਾ ਅਹਿਸਾਸ ਹੋਇਆ। ਅੱਜ ਯੋਗ ਵਿਸ਼ਵਵਿਆਪੀ ਸਹਿਯੋਗ ਦਾ ਆਪਸੀ ਅਧਾਰ ਬਣ ਰਿਹਾ ਹੈ। ਅੱਜ ਯੋਗ ਸਮੁੱਚੀ ਮਨੁੱਖਤਾ ਨੂੰ ਨਿਰੋਗੀ ਜੀਵਨ ਦਾ ਭਰੋਸਾ ਦੇ ਰਿਹਾ ਹੈ। ਯੋਗ ਦੀਆਂ ਜੋ ਤਸਵੀਰਾਂ ਕੁਝ ਸਾਲ ਪਹਿਲਾਂ ਸਿਰਫ਼ ਘਰਾਂ ਵਿੱਚ, ਅਧਿਆਤਮਿਕ ਕੇਂਦਰਾਂ ਵਿੱਚ ਦਿਖਦੀਆਂ ਸਨ, ਉਹ ਅੱਜ ਵਿਸ਼ਵ ਦੇ ਕੋਨੇ-ਕੋਨੇ ਤੋਂ ਆ ਰਹੀਆਂ ਹਨ।




*ਜਦੋਂ ਅਸੀਂ ਯੋਗ ਦੇ ਰਾਹ 'ਤੇ ਚੱਲਦੇ ਹਾਂ, ਕਰਮਯੋਗ ਦੀ ਭਾਵਨਾ ਨਾਲ ਚੱਲਦੇ ਹਾਂ, ਤਾਂ ਵਿਅਕਤੀ, ਸਮਾਜ ਅਤੇ ਦੇਸ਼ ਦੇ ਤੌਰ 'ਤੇ ਸਾਡੀ ਸ਼ਕਤੀ ਵੀ ਕਈ ਗੁਣਾ ਵਧ ਜਾਂਦੀ ਹੈ। ਸਾਨੂੰ ਇਸੇ ਭਾਵਨਾ ਨਾਲ ਸੰਕਲਪ ਲੈਣਾ ਹੈ- ਅਸੀਂ ਆਪਣੀ ਸਿਹਤ ਲਈ, ਆਪਣਿਆਂ ਦੀ ਸਿਹਤ ਲਈ ਹਰ ਸੰਭਵ ਕੋਸ਼ਿਸ਼ ਕਰਾਂਗੇ। ਇੱਕ ਜਾਗਰੂਕ ਨਾਗਰਿਕ ਦੇ ਰੂਪ ਵਿੱਚ ਅਸੀਂ ਇਕਜੁੱਟ ਹੋ ਕੇ ਅੱਗੇ ਵਧਾਂਗੇ।*

**– ਨਰੇਂਦਰ ਮੋਦੀ, ਪ੍ਰਧਾਨ ਮੰਤਰੀ**

ਯੋਗ ਹੁਣ ਇੱਕ ਵਿਸ਼ਵਵਿਆਪੀ ਤਿਉਹਾਰ ਬਣ ਗਿਆ ਹੈ, ਕਿਉਂਕਿ ਯੋਗ




## ਯੋਗ ਵਿੱਚ ਖੋਜ

**100** ਜ਼ਿਲ੍ਹਿਆਂ ਵਿੱਚ ਕੀਤੇ ਗਏ ਬਹੁ ਕੇਂਦਰੀ, ਦੇਸ਼ ਵਿਆਪੀ ਖੋਜ ਅਧਿਐਨ ਵਿੱਚ ਪਾਇਆ ਗਿਆ ਕਿ ਸ਼ੂਗਰ ਨੂੰ ਕੰਟਰੋਲ ਕਰਨ ਵਿੱਚ ਯੋਗ ਪ੍ਰਭਾਵਸ਼ਾਲੀ ਹੈ।

- ਰਿਸਰਚ ਪੇਪਰਾਂ ਦੇ ਪ੍ਰਕਾਸ਼ਨ ਵਿੱਚ ਲਗਭਗ ਛੇ ਗੁਣਾ, ਕਲੀਨਿਕਲ ਟ੍ਰਾਇਲ ਵਿੱਚ ਲਗਭਗ 11% ਦਾ ਵਾਧਾ ਹੋਇਆ। ਏਮਸ ਨਵੀਂ ਦਿੱਲੀ ਦੇ 'ਸੈਂਟਰ ਫਾਰ ਇੰਟੀਗ੍ਰੇਟਿਵ ਮੈਡੀਸਿਨ' ਦੇ 20 ਤੋਂ ਵੱਧ ਖੋਜ ਪੱਤਰ ਅੰਤਰਰਾਸ਼ਟਰੀ ਜਰਨਲਾਂ ਵਿੱਚ ਪ੍ਰਕਾਸ਼ਿਤ ਹੋਏ।
- ਯੋਗ ਦਾ ਅਭਿਆਸ ਕਰਨ ਵਾਲੇ ਮਰੀਜ਼ਾਂ ਵਿੱਚ ਕੈਂਸਰ ਦੇ ਦੁਬਾਰਾ ਹੋਣ ਦਾ ਜੋਖਮ ਲਗਭਗ 15 ਪ੍ਰਤੀਸ਼ਤ ਤੱਕ ਘੱਟ ਹੋਇਆ।
- ਨਿਊਰੋਲੋਜੀ ਜਰਨਲ 'ਇਨ ਮਾਈਗ੍ਰੇਨ' ਵਿੱਚ ਪ੍ਰਕਾਸ਼ਿਤ ਇੱਕ ਖੋਜ ਦੇ ਅਨੁਸਾਰ ਪ੍ਰੀ-ਡਾਇਬੀਟਿਕ ਰਿਵਰਸਲ ਵੀ ਯੋਗ ਨਾਲ ਸੰਭਵ ਹੈ ਅਤੇ 'ਅਮਰੀਕਨ ਡਾਇਬੀਟਿਕ ਐਸੋਸੀਏਸ਼ਨ' ਨੇ ਵੀ ਇਸ ਅਧਿਐਨ ਦੀ ਸ਼ਲਾਘਾ ਕੀਤੀ ਸੀ।
- ਆਯੁਸ਼ ਰਿਸਰਚ ਪੋਰਟਲ ਵਿੱਚ ਹੀ ਯੋਗ ਅਤੇ ਕੁਦਰਤੀ ਚਿਕਿਤਸਾ ਨਾਲ ਸਬੰਧਿਤ ਲਗਭਗ 1,426 ਖੋਜਾਂ ਸੂਚੀਬੱਧ ਹਨ। ਇਸ ਵਿੱਚ 1,003 ਤਾਂ ਮੈਡੀਕਲ ਰਿਸਰਚ ਹੀ ਹਨ।

## ਯੋਗ ਦਿਵਸ ਵਿੱਚ ਵਧਦੀ ਭਾਗੀਦਾਰੀ

- ਆਈਡੀਵਾਈ (IDY) 2016 ਵਿੱਚ ਸੀਵਾਈਪੀ (CYP) ਅਧਾਰਿਤ ਮੈਤਰੀਪੂਰਨ ਯੋਗ ਪ੍ਰਦਰਸ਼ਨਾਂ ਵਿੱਚ ਹਿੱਸਾ ਲੈਣ ਵਾਲਿਆਂ ਦੀ ਗਿਣਤੀ ਲਗਭਗ 85 ਲੱਖ ਹੋਣ ਦਾ ਅਨੁਮਾਨ ਲਗਾਇਆ ਗਿਆ ਸੀ, ਜੋ 2019 ਵਿੱਚ ਲਗਭਗ ਨੌਂ ਕਰੋੜ ਤੱਕ ਪਹੁੰਚ ਗਈ ਸੀ।
- ਵਰ੍ਹੇ 2022 ਦੇ ਆਈਡੀਵਾਈ ਵਿੱਚ ਇਹ ਗਿਣਤੀ ਲਗਭਗ 22.13 ਕਰੋੜ ਤੱਕ ਪਹੁੰਚੀ, ਜਦੋਂ ਕਿ 2023 ਵਿੱਚ ਇਹ ਗਿਣਤੀ ਲਗਭਗ 23.44 ਕਰੋੜ ਰਹੀ।
- ਆਈਡੀਵਾਈ 2024 ਵਿੱਚ 24.53 ਕਰੋੜ ਅਤੇ ਆਈਡੀਵਾਈ 2025 ਵਿੱਚ ਭਾਗੀਦਾਰੀ 26 ਕਰੋੜ ਦੇ ਵੀ ਪਾਰ ਪਹੁੰਚ ਗਈ।
- ਆਈਡੀਵਾਈ 2026 ਵਿੱਚ 21 ਜੂਨ ਨੂੰ ਸੀਵਾਈਪੀ ਅਧਾਰਿਤ ਮੈਤਰੀਪੂਰਨ ਯੋਗ ਪ੍ਰਦਰਸ਼ਨਾਂ ਵਿੱਚ ਇਹ ਅੰਕੜਾ 27 ਕਰੋੜ ਦੇ ਵੀ ਪਾਰ ਹੋਣ ਦੀ ਸੰਭਾਵਨਾ ਹੈ।

ਕਿਸੇ ਵਿਅਕਤੀ ਮਾਤਰ ਦੇ ਲਈ ਨਹੀਂ, ਸਗੋਂ ਸੰਪੂਰਨ ਮਨੁੱਖਤਾ ਦੇ ਲਈ ਹੈ। ਇਸ ਸਾਲ ਜਦੋਂ ਦੁਨੀਆ ਯੋਗ ਦਿਵਸ ਮਨਾ ਰਹੀ ਹੈ, ਤਦ ਪ੍ਰਧਾਨ ਮੰਤਰੀ ਦੇ ਰੂਪ ਵਿੱਚ ਨਰੇਂਦਰ ਮੋਦੀ ਦੀ ਅਗਵਾਈ ਵਾਲੀ ਸਰਕਾਰ ਨੇ 12 ਵਰ੍ਹੇ ਦੀ ਯਾਤਰਾ ਪੂਰੀ ਕੀਤੀ ਹੈ। ਭਾਰਤੀ ਸੱਭਿਆਚਾਰ ਵਿੱਚ 12 ਵਰ੍ਹਿਆਂ ਦਾ ਵਿਸ਼ੇਸ਼ ਮਹੱਤਵ ਵੀ ਹੈ, ਜੋ ਕਿਸੇ ਤਪਸਵੀ ਦੇ ਲਈ ਇੱਕ ਯੁੱਗ ਦੇ ਬਰਾਬਰ ਮੰਨਿਆ ਜਾਂਦਾ ਹੈ। ਇਸ ਦੇ ਨਾਲ ਹੀ, ਭਾਰਤ ਇੱਕ ਵਿਕਸਿਤ ਰਾਸ਼ਟਰ ਬਣਨ ਦੇ ਆਪਣੇ ਮਹੱਤਵਾਕਾਂਖੀ ਟੀਚੇ ਵੱਲ ਅੱਗੇ ਵਧ ਰਿਹਾ ਹੈ।

## ਯੋਗ ਦੇ ਵਿਸਥਾਰ ਲਈ ਵਿਸ਼ਵਵਿਆਪੀ ਬਾਜ਼ਾਰ

ਅੱਜ ਸਮਾਂ ਹੈ ਕਿ ਯੋਗ ਨਾਲ ਜੁੜੀਆਂ ਬੇਅੰਤ ਸੰਭਾਵਨਾਵਾਂ ਨੂੰ ਸਾਕਾਰ ਕੀਤਾ ਜਾ ਸਕਦਾ ਹੈ। ਨੌਜਵਾਨ ਵੱਡੀ ਗਿਣਤੀ ਵਿੱਚ ਯੋਗ ਦੇ ਖੇਤਰ ਵਿੱਚ ਨਵੇਂ-ਨਵੇਂ ਵਿਚਾਰਾਂ ਨਾਲ ਅੱਗੇ ਆ ਰਹੇ ਹਨ। ਇਸ ਦਿਸ਼ਾ ਵਿੱਚ ਆਯੁਸ਼ ਮੰਤਰਾਲੇ ਨੇ 'ਸਟਾਰਟਅੱਪ ਯੋਗਾ ਚੈਲੇਂਜ' ਵੀ ਲਾਂਚ ਕੀਤਾ ਹੈ। ਆਯੁਸ਼ ਇੰਡਸਟ੍ਰੀ ਦੀ ਸਭ ਤੋਂ ਵੱਡੀ ਤਾਕਤ ਇਹ ਹੈ ਕਿ ਇਸ ਵਿੱਚ ਹਰ ਕਿਸੇ ਦੇ ਲਈ ਵੱਖ-ਵੱਖ ਤਰ੍ਹਾਂ ਦੇ ਮੌਕੇ ਉਪਲਬਧ ਹਨ। ਉਦਾਹਰਨ ਦੇ ਤੌਰ 'ਤੇ, ਅੱਜ ਭਾਰਤ ਵਿੱਚ ਆਯੁਸ਼ ਦੇ ਖੇਤਰ ਵਿੱਚ ਲਗਭਗ 40 ਹਜ਼ਾਰ ਐੱਮਐੱਸਐੱਮਈ ਯਾਨੀ ਲਘੂ ਉਦਯੋਗ ਕਈ ਤਰ੍ਹਾਂ ਦੇ ਉਤਪਾਦ ਦੇ ਰਹੇ ਹਨ ਅਤੇ ਕਈ ਪਹਿਲਕਦਮੀਆਂ ਕਰ ਰਹੇ ਹਨ। ਇਨ੍ਹਾਂ ਨਾਲ ਸਥਾਨਕ ਅਰਥਵਿਵਸਥਾ ਨੂੰ ਵੱਡੀ ਤਾਕਤ ਮਿਲ ਰਹੀ ਹੈ।

12 ਵਰ੍ਹਿਆਂ ਪਹਿਲਾਂ ਦੇਸ਼ ਵਿੱਚ ਆਯੁਸ਼ ਇੰਡਸਟ੍ਰੀ ਕਰੀਬ-ਕਰੀਬ 20 ਹਜ਼ਾਰ ਕਰੋੜ ਰੁਪਏ ਦੇ ਆਲੇ-ਦੁਆਲੇ ਹੀ ਸੀ, ਜਦੋਂ ਕਿ ਅੱਜ ਆਯੁਸ਼ ਇੰਡਸਟ੍ਰੀ ਕਰੀਬ-ਕਰੀਬ ਡੇਢ ਲੱਖ ਕਰੋੜ ਰੁਪਏ ਦੇ ਆਲੇ-ਦੁਆਲੇ ਪਹੁੰਚ ਰਹੀ ਹੈ। ਆਉਣ ਵਾਲੇ ਸਮੇਂ ਵਿੱਚ ਇਸ ਦੀ ਗਲੋਬਲ ਮਾਰਕਿਟ ਵਿੱਚ ਹੋਰ ਵੱਡਾ ਵਿਸਥਾਰ ਹੋਵੇਗਾ। ਅੱਜ ਗਲੋਬਲ ਹਰਬਲ ਮੈਡੀਸਿਨ ਅਤੇ ਸਪਾਈਸਿਜ਼ ਦੀ ਮਾਰਕਿਟ 120 ਅਰਬ ਡਾਲਰ ਯਾਨੀ ਕਰੀਬ-ਕਰੀਬ 10 ਲੱਖ ਕਰੋੜ ਰੁਪਏ ਦੇ ਆਲੇ-ਦੁਆਲੇ ਦੀ ਹੈ। ਟ੍ਰੈਡੀਸ਼ਨਲ ਮੈਡੀਸਿਨ ਦਾ ਇਹ ਸੈਕਟਰ ਲਗਾਤਾਰ ਵਿਸਥਾਰ ਲੈ ਰਿਹਾ ਹੈ। ਇਸ ਦੀ ਹਰ ਸੰਭਾਵਨਾ ਦਾ ਪੂਰਾ ਲਾਭ ਉਠਾਉਣ ਲਈ ਭਾਰਤ ਤਿਆਰ ਹੈ। ਇਸ ਵਿੱਚ ਨੌਜਵਾਨਾਂ ਲਈ ਲੱਖਾਂ ਨਵੇਂ ਰੁਜ਼ਗਾਰ ਪੈਦਾ ਹੋਣਗੇ। ਗੁਜਰਾਤ ਦੇ ਜਾਮਨਗਰ ਵਿੱਚ ਵਿਸ਼ਵ ਸਿਹਤ ਸੰਗਠਨ ਨੇ ਭਾਰਤ ਦੇ ਸਹਿਯੋਗ ਨਾਲ ਗਲੋਬਲ ਰਵਾਇਤੀ ਚਿਕਿਤਸਾ ਕੇਂਦਰ ਸਥਾਪਿਤ ਕੀਤਾ ਹੈ।

ਭਾਰਤ, ਡਬਲਿਊਐੱਚਓ ਦੇ ਇਸ ਗਲੋਬਲ ਰਵਾਇਤੀ ਚਿਕਿਤਸਾ ਕੇਂਦਰ (GCTM) ਵਰਗੀ ਪਹਿਲਕਦਮੀ ਦੇ ਮਾਧਿਅਮ ਰਾਹੀਂ ਰਵਾਇਤੀ ਚਿਕਿਤਸਾ ਪ੍ਰਣਾਲੀ ਵਿੱਚ ਖੁਦ ਨੂੰ ਵਿਸ਼ਵਵਿਆਪੀ ਮੋਹਰੀ ਵਜੋਂ ਸਥਾਪਿਤ ਕਰ ਰਿਹਾ ਹੈ। ਇਹ ਕੇਂਦਰ ਰਵਾਇਤੀ ਚਿਕਿਤਸਾ ਨੂੰ ਉਤਸ਼ਾਹਿਤ ਕਰਨ ਅਤੇ ਉਸ 'ਤੇ ਖੋਜ ਕਰਨ ਦੀ ਦਿਸ਼ਾ ਵਿੱਚ ਇੱਕ ਮਹੱਤਵਪੂਰਨ ਕਦਮ ਹੈ। ਇਹ ਗਲੋਬਲ ਪੱਧਰ 'ਤੇ ਸਬੂਤ-ਅਧਾਰਿਤ ਰਵਾਇਤੀ, ਪੂਰਕ ਅਤੇ ਏਕੀਕ੍ਰਿਤ ਚਿਕਿਤਸਾ (ਟੀਸੀਆਈਐੱਮ) ਦੇ ਲਈ ਇੱਕ ਮਹੱਤਵਪੂਰਨ ਗਿਆਨ ਕੇਂਦਰ ਦੇ ਰੂਪ ਵਿੱਚ ਕੰਮ ਕਰਦਾ ਹੈ। ਇੰਨਾ ਹੀ ਨਹੀਂ, ਕੇਂਦਰ ਸਰਕਾਰ ਨੇ ਏਮਸ ਦੀ ਤਰਜ਼ 'ਤੇ ਤਿੰਨ ਨਵੇਂ ਆਯੁਰਵੇਦ ਸੰਸਥਾਨ ਬਣਾਉਣ ਦਾ ਐਲਾਨ ਕੀਤਾ ਹੈ।

## ਦੁਨੀਆ ਨੇ ਸਮਝੀ ਸਾਡੇ ਯੋਗ ਦੀ ਮਹੱਤਤਾ

ਆਯੁਰਵੇਦ ਦੀ ਵਧਦੀ ਪ੍ਰਸਿੱਧੀ ਦਾ ਇੱਕ ਹੋਰ ਵੱਡਾ ਪਹਿਲੂ ਯੋਗ ਟੂਰਿਜ਼ਮ ਵੀ ਹੈ। ਯੋਗ ਸਿਰਫ਼ ਕਸਰਤ ਨਹੀਂ ਹੈ, ਸਗੋਂ ਖੁਦ ਦੇ ਨਾਲ, ਵਿਸ਼ਵ ਅਤੇ ਕੁਦਰਤ ਦੇ ਨਾਲ ਇੱਕਮਿਕਤਾ ਖੋਜਣ ਦੀ ਭਾਵਨਾ ਹੈ। ਜਦੋਂ 21 ਜੂਨ ਨੂੰ ਅੰਤਰਰਾਸ਼ਟਰੀ ਯੋਗ ਦਿਵਸ ਦੇ ਤੌਰ 'ਕੇ ਮਨਾਉਣ ਦੀ ਮਨਜ਼ੂਰੀ ਦਿੱਤੀ ਗਈ, ਅਤੇ 193 ਮੈਂਬਰਾਂ ਵਾਲੀ ਸੰਸਥਾ ਸੰਯੁਕਤ ਰਾਸ਼ਟਰ ਮਹਾਸਭਾ ਵਿੱਚ 177 ਸਹਿ-ਸਮਰਥਕ ਦੇਸ਼ਾਂ ਦੇ ਰਿਕਾਰਡ ਦੀ ਸਰਵਸੰਮਤੀ ਪ੍ਰਾਪਤ ਹੋਈ। ਤਦ ਆਪਣੇ ਪ੍ਰਸਤਾਵ ਵਿੱਚ ਸੰਯੁਕਤ



## ਯੋਗ ਵਿੱਚ ਟ੍ਰੇਨਿੰਗ ਅਤੇ ਸਿੱਖਿਆ

- ਯੋਗ ਦੇ ਪ੍ਰਚਾਰ ਅਤੇ ਪ੍ਰਸਾਰ ਵਿੱਚ ਟ੍ਰੇਨਿੰਗ ਦਾ ਵਿਸ਼ੇਸ਼ ਮਹੱਤਵ ਹੈ। ਇਸੇ ਨੂੰ ਦੇਖਦੇ ਹੋਏ ਆਯੁਸ਼ ਮੰਤਰਾਲੇ ਵੱਲੋਂ ਮੋਰਾਰਜੀ ਦੇਸਾਈ ਯੋਗ ਸੰਸਥਾਨ ਸਮੇਤ ਹੋਰ ਸੰਸਥਾਵਾਂ ਵਿੱਚ ਵੱਖ-ਵੱਖ ਪੱਧਰਾਂ 'ਤੇ ਟ੍ਰੇਨਿੰਗ ਦਿੱਤੀ ਜਾ ਰਹੀ ਹੈ।
- ਦੇਸ਼ ਵਿੱਚ ਇਸ ਸਮੇਂ 183 ਤੋਂ ਵੱਧ ਯੂਨੀਵਰਸਿਟੀਆਂ ਵਿੱਚ ਯੋਗ ਦੇ ਕੋਰਸ ਸ਼ਾਮਲ ਕੀਤੇ ਗਏ ਹਨ। ਇਹ ਯੂਨੀਵਰਸਿਟੀਆਂ ਕੋਰਸ ਸੰਚਾਲਿਤ ਕਰ ਰਹੀਆਂ ਹਨ।
- ਯੋਗ ਟ੍ਰੇਨਿੰਗ ਅਤੇ ਪ੍ਰਮਾਣਿਕਤਾ ਦੇ ਲਈ ਹੀ ਯੋਗ ਪ੍ਰਮਾਣਨ ਬੋਰਡ ਜਾਂ ਵਾਈਸੀਬੀ ਦਾ ਗਠਨ ਕੀਤਾ ਗਿਆ ਸੀ।
- ਵਾਈਸੀਬੀ ਦੇ ਮੁਤਾਬਕ ਹੁਣ ਤੱਕ 9,600 ਤੋਂ ਵੱਧ ਅਸੈਸਮੈਂਟ, 480 ਤੋਂ ਵੱਧ ਪ੍ਰੀਖਿਆਵਾਂ, 14 ਤੋਂ ਵੱਧ ਅੰਤਰਰਾਸ਼ਟਰੀ ਪ੍ਰੀਖਿਆਵਾਂ ਆਯੋਜਿਤ ਕੀਤੀਆਂ ਜਾ ਚੁੱਕੀਆਂ ਹਨ। ਨਾਲ ਹੀ 56 ਤੋਂ ਵੱਧ ਦੇਸ਼ਾਂ ਦੇ ਪ੍ਰੀਖਿਆਰਥੀਆਂ ਦਾ ਮੁਲਾਂਕਣ ਕੀਤਾ ਜਾ ਚੁੱਕਿਆ ਹੈ।
- ਇੱਕ ਜਾਣਕਾਰੀ ਮੁਤਾਬਕ ਇਸ ਸਮੇਂ ਵਿਸ਼ਵ ਵਿੱਚ ਲਗਭਗ ਤਿੰਨ ਕਰੋੜ ਯੋਗ ਸਾਧਕ ਹਨ। ਇਸ ਦਹਾਕੇ ਦੇ ਅੰਤ ਤੱਕ ਇਨ੍ਹਾਂ ਦੀ ਗਿਣਤੀ 3.50 ਕਰੋੜ ਤੱਕ ਪਹੁੰਚਣ ਦਾ ਅਨੁਮਾਨ ਹੈ।
- ਵਰਤਮਾਨ ਵਿੱਚ ਯੋਗ ਪ੍ਰਮਾਣਨ ਬੋਰਡ ਦੀਆਂ ਗਤੀਵਿਧੀਆਂ ਵਿੱਚ ਯੋਗ ਪੇਸ਼ੇਵਰਾਂ ਦਾ ਪ੍ਰਮਾਣੀਕਰਣ, ਯੋਗ ਸੰਗਠਨਾਂ ਦੀ ਤਸਦੀਕ, ਯੋਗ ਪੇਸ਼ੇਵਰਾਂ ਦੀਆਂ ਪ੍ਰਮਾਣਨ ਸੰਸਥਾਵਾਂ ਦੀ ਪ੍ਰਵਾਨਗੀ ਅਤੇ ਪਲੇਸਮੈਂਟ ਮਿਆਰਾਂ ਦੇ ਅਨੁਸਾਰ ਸੰਗਠਨਾਂ ਦੀ ਗ੍ਰੇਡਿੰਗ ਸ਼ਾਮਲ ਹੈ।
- ਇਸ ਦੇ ਨਾਲ ਵਿਦੇਸ਼ਾਂ ਵਿੱਚ ਸਥਿਤ ਯੂਨੀਵਰਸਿਟੀਆਂ ਵਿੱਚ ਵੀ ਯੋਗ ਵਿਭਾਗ ਸ਼ੁਰੂ ਕੀਤੇ ਗਏ ਹਨ। ਪਿਛਲੇ ਪੰਜ ਵਰ੍ਹਿਆਂ ਵਿੱਚ ਦੁਨੀਆ ਭਰ ਵਿੱਚ ਯੋਗ ਸਕੂਲਾਂ ਅਤੇ ਯੋਗ ਸਟੂਡੀਓਜ਼ ਵਿੱਚ ਵੀ ਭਾਰੀ ਵਾਧਾ ਹੋਇਆ ਹੈ।
- ਯੋਗ ਨੇ 'ਅਮਰੀਕਨ ਕਾਲਜ ਆਫ਼ ਸਪੋਰਟਸ ਮੈਡੀਸਿਨ' ਦੀ ਟੌਪ-10 ਸੂਚੀ ਵਿੱਚ 7ਵਾਂ ਸਥਾਨ ਹਾਸਲ ਕੀਤਾ ਹੈ। ਯੋਗ ਨੂੰ ਹੁਣ ਭਾਰਤ ਸਰਕਾਰ ਨੇ ਪ੍ਰਤੀਯੋਗੀ ਖੇਡ ਵਜੋਂ ਵੀ ਮਾਨਤਾ ਦੇ ਦਿੱਤੀ ਹੈ।







ਰਾਸ਼ਟਰ ਮਹਾਸਭਾ ਨੇ ਸਵੀਕਾਰ ਕੀਤਾ- "ਯੋਗ ਸਿਹਤ ਅਤੇ ਤੰਦਰੁਸਤੀ ਲਈ ਇੱਕ ਸੰਪੂਰਨ ਦ੍ਰਿਸ਼ਟੀਕੋਣ ਪ੍ਰਦਾਨ ਕਰਦਾ ਹੈ। ਜੀਵਨ ਦੇ ਸਾਰੇ ਖੇਤਰਾਂ ਵਿੱਚ ਤਾਲਮੇਲ ਸਥਾਪਿਤ ਕਰਦਾ ਹੈ ਇਸ ਲਈ ਵਿਸ਼ਵ ਦੀ ਆਬਾਦੀ ਵਿੱਚ ਸਿਹਤ ਲਈ ਯੋਗ ਅਭਿਆਸ ਦੇ ਲਾਭਾਂ ਦੀ ਜਾਣਕਾਰੀ ਦਾ ਵਿਆਪਕ ਪ੍ਰਸਾਰ ਫਾਇਦੇਮੰਦ ਹੋਵੇਗਾ।" ਇਸ ਦੇ ਨਾਲ ਹੀ ਭਾਰਤ ਵਿੱਚ ਸੰਪੂਰਨ ਸਿਹਤ ਕ੍ਰਾਂਤੀ ਦੇ ਇੱਕ ਨਵੇਂ ਯੁੱਗ ਦੀ ਸ਼ੁਰੂਆਤ ਹੋਈ, ਜੋ ਇਲਾਜ ਨਾਲੋਂ ਜ਼ਿਆਦਾ ਰੋਕਥਾਮ ਦੇ ਸਿਧਾਂਤਾਂ 'ਤੇ ਅਧਾਰਿਤ ਹੈ। ਜਦੋਂ ਸੰਯੁਕਤ ਰਾਸ਼ਟਰ ਵਿੱਚ ਯੋਗ ਲਈ ਭਾਰਤ ਨੇ ਪ੍ਰਸਤਾਵ ਰੱਖਿਆ, ਤਾਂ ਸੰਯੁਕਤ ਰਾਸ਼ਟਰ ਦਾ ਰਿਕਾਰਡ ਹੈ ਕਿ ਇਹ ਪਹਿਲਾ ਅਜਿਹਾ ਪ੍ਰਸਤਾਵ ਬਣਿਆ ਜਿਸ ਨੂੰ ਦੁਨੀਆ ਦੇ ਜ਼ਿਆਦਾਤਰ ਦੇਸ਼ਾਂ ਨੇ ਸਹਿਭਾਗੀ ਦੇ ਰੂਪ ਵਿੱਚ ਸਵੀਕਾਰ

## ਅੰਤਰਰਾਸ਼ਟਰੀ ਯੋਗ ਦਿਵਸ-2026

ਅੰਤਰਰਾਸ਼ਟਰੀ ਯੋਗ ਦਿਵਸ (ਆਈਡੀਵਾਈ) 2026 ਦਾ ਮੁੱਖ ਆਯੋਜਨ 21 ਜੂਨ ਨੂੰ ਪੱਛਮ ਬੰਗਾਲ ਦੀ ਰਾਜਧਾਨੀ ਕੋਲਕਾਤਾ ਵਿੱਚ ਹੋਵੇਗਾ। ਇਸ ਵਰ੍ਹੇ ਦੇ ਆਯੋਜਨ ਦਾ ਵਿਸ਼ਾ 'ਸਵਸਥ ਬੁਢਾਪੇ ਲਈ ਯੋਗ' ਹੈ, ਜੋ ਸਰੀਰਕ ਸਿਹਤ, ਮਾਨਸਿਕ ਤੰਦਰੁਸਤੀ ਅਤੇ ਸਿਹਤਮੰਦ ਬੁਢਾਪੇ ਨੂੰ ਉਤਸ਼ਾਹਿਤ ਕਰਨ ਵਿੱਚ ਯੋਗ ਦੀ ਭੂਮਿਕਾ ਨੂੰ ਦਰਸਾਉਂਦਾ ਹੈ।



ਕੀਤਾ। ਇੰਨਾ ਹੀ ਨਹੀਂ, ਸੰਯੁਕਤ ਰਾਸ਼ਟਰ ਦੇ ਇਤਿਹਾਸ ਵਿੱਚ ਸਭ ਤੋਂ ਘੱਟ ਸਮੇਂ ਵਿੱਚ ਪ੍ਰਵਾਨਗੀ ਮਿਲਣ ਵਾਲਾ ਪ੍ਰਸਤਾਵ ਵੀ ਬਣਿਆ।

## ਯੋਗ ਨੂੰ ਮੁੱਖ ਧਾਰਾ ਵਿੱਚ ਜੋੜਨ ਦਾ ਯਤਨ

ਆਜ਼ਾਦੀ ਤੋਂ ਬਾਅਦ ਭਾਰਤ ਵਿੱਚ ਜਨਤਕ ਸਿਹਤ ਦੇ ਪ੍ਰੋਗਰਾਮਾਂ ਵਿੱਚ ਯੋਗ ਨੂੰ ਜੋੜਨ ਦੇ ਯਤਨ ਤਾਂ ਹੋਏ ਪਰ ਇਹ ਇੰਨੇ ਹੌਲੀ ਸਨ ਕਿ ਯੋਗ ਨੂੰ ਉਸ ਦੌਰ ਵਿੱਚ ਉਹ ਪਛਾਣ ਨਹੀਂ ਮਿਲ ਸਕੀ ਜੋ ਮਿਲਣੀ ਚਾਹੀਦੀ ਸੀ। 1976 ਵਿੱਚ ਪਹਿਲਾ ਕੇਂਦਰੀ ਯੋਗ ਖੋਜ ਸੰਸਥਾਨ (ਹੁਣ ਮੋਰਾਰਜੀ ਦੇਸਾਈ ਰਾਸ਼ਟਰੀ ਯੋਗ ਸੰਸਥਾਨ) ਬਣਾਇਆ ਗਿਆ। 1978 ਵਿੱਚ ਕੇਂਦਰੀ ਯੋਗ ਅਤੇ ਕੁਦਰਤੀ ਚਿਕਿਤਸਾ ਖੋਜ ਪ੍ਰੀਸ਼ਦ ਦੀ ਸਥਾਪਨਾ ਕੀਤੀ ਗਈ। ਵਰ੍ਹੇ 2003 ਵਿੱਚ ਭਾਰਤੀ ਚਿਕਿਤਸਾ ਪ੍ਰਣਾਲੀ ਅਤੇ ਹੋਮਿਓਪੈਥੀ ਦਾ ਨਾਮ ਬਦਲ ਕੇ ਆਯੁਸ਼ ਵਿਭਾਗ ਕਰ ਦਿੱਤਾ ਗਿਆ। ਲੇਕਿਨ, ਅਸਲ ਸ਼ੁਰੂਆਤ ਹੋਈ 9 ਨਵੰਬਰ 2014 ਨੂੰ ਜਦੋਂ ਆਯੁਸ਼ ਖੇਤਰ ਦੇ ਲਈ ਵੱਖਰੇ ਤੌਰ 'ਤੇ ਆਯੁਸ਼ ਮੰਤਰਾਲੇ ਦੀ ਸਥਾਪਨਾ ਹੋਈ। ਇੰਨਾ ਹੀ ਨਹੀਂ, ਸੰਯੁਕਤ ਰਾਸ਼ਟਰ ਵਿੱਚ ਪ੍ਰਧਾਨ ਮੰਤਰੀ ਮੋਦੀ ਦੇ ਸੰਬੋਧਨ ਦੇ ਨਾਲ ਯੋਗ ਨੂੰ ਅੰਤਰਰਾਸ਼ਟਰੀ ਮਾਨਤਾ ਮਿਲੀ ਤਾਂ ਇਹ ਵਿਸ਼ਵ ਭਰ ਵਿੱਚ ਇੱਕ ਜਨਤਕ ਅੰਦੋਲਨ ਦੇ ਰੂਪ ਵਿੱਚ ਉੱਭਰਿਆ। ਇੰਨਾ ਹੀ ਨਹੀਂ, ਫਰਵਰੀ 2016 ਵਿੱਚ ਸਰਕਾਰ ਨੇ ਇੱਕ ਵਿਸ਼ੇਸ਼ ਬੋਰਡ (ਰਾਸ਼ਟਰੀ ਯੋਗ ਅਤੇ ਕੁਦਰਤੀ ਚਿਕਿਤਸਾ ਬੋਰਡ) ਬਣਾਇਆ। ਇਸ ਦੇ ਤਹਿਤ ਦੇਸ਼ ਵਿੱਚ ਯੋਗ ਦੀ ਟ੍ਰੇਨਿੰਗ ਨੂੰ ਬਿਹਤਰ ਬਣਾਉਣ ਲਈ ਏਮਸ ਅਤੇ ਆਈਆਈਟੀ (IIT) ਵਰਗੇ ਵੱਡੇ ਸੰਸਥਾਨਾਂ ਦੇ ਮਾਹਿਰਾਂ ਨੂੰ ਵੀ ਨਾਲ ਜੋੜਿਆ ਗਿਆ ਹੈ। ਹਰ ਵਰ੍ਹੇ ਵਿਸ਼ਵ ਯੋਗ ਦਿਵਸ ਦੇ ਆਯੋਜਨ ਵਿੱਚ ਭਾਰਤ ਅਹਿਮ ਭੂਮਿਕਾ ਨਿਭਾਉਂਦਾ ਹੈ। ਨੋਡਲ ਮੰਤਰਾਲੇ ਦੇ ਰੂਪ ਵਿੱਚ ਆਯੁਸ਼ ਮੰਤਰਾਲਾ ਇਸ ਦੇ ਲਈ ਆਮ ਯੋਗ ਪ੍ਰੋਟੋਕੋਲ ਵੀ ਜਾਰੀ ਕਰਦਾ ਹੈ। ਆਸ਼ਾ ਵਰਕਰਾਂ ਨੂੰ ਯੋਗ ਦੀ ਸਿਖਲਾਈ ਦੇ ਕੇ ਉਨ੍ਹਾਂ ਦੇ ਮਾਧਿਅਮ ਨਾਲ ਗ੍ਰਾਮੀਣ ਖੇਤਰਾਂ ਵਿੱਚ ਯੋਗ ਦੇ ਪ੍ਰਚਾਰ-ਪ੍ਰਸਾਰ ਲਈ ਕਦਮ ਚੁੱਕੇ ਗਏ ਹਨ।

> *ਅੱਜ ਦੀ ਭੱਜ-ਦੌੜ ਅਤੇ ਤੇਜ਼ ਰਫ਼ਤਾਰ ਜ਼ਿੰਦਗੀ ਵਿੱਚ ਯੋਗ ਮਨ, ਸਰੀਰ ਅਤੇ ਬੁੱਧੀ ਦੇ ਨਾਲ ਆਤਮਾ ਨੂੰ ਜੋੜ ਕੇ ਵਿਅਕਤੀ ਦੇ ਜੀਵਨ ਵਿੱਚ ਸ਼ਾਂਤੀ ਲਿਆਉਂਦਾ ਹੈ। ਵਿਅਕਤੀ ਨੂੰ ਪਰਿਵਾਰ ਨਾਲ ਜੋੜ ਕੇ ਪਰਿਵਾਰ ਵਿੱਚ ਖੁਸ਼ਹਾਲੀ ਲਿਆਉਂਦਾ ਹੈ। ਪਰਿਵਾਰਾਂ ਨੂੰ ਸਮਾਜ ਦੇ ਪ੍ਰਤੀ ਸੰਵੇਦਨਸ਼ੀਲ ਬਣਾ ਕੇ ਸਮਾਜ ਵਿੱਚ ਸਦਭਾਵਨਾ ਲਿਆਉਂਦਾ ਹੈ। ਸਮਾਜ ਰਾਸ਼ਟਰ ਦੀ ਏਕਤਾ ਦੇ ਸੂਤਰ ਬਣਦੇ ਹਨ। ਅਜਿਹੇ ਰਾਸ਼ਟਰ ਵਿਸ਼ਵ ਵਿੱਚ ਸ਼ਾਂਤੀ ਅਤੇ ਭਾਈਚਾਰਾ ਲਿਆਉਂਦੇ ਹਨ। ਮਨੁੱਖਤਾ ਭਾਈਚਾਰੇ ਦੀ ਭਾਵਨਾ ਰਾਹੀਂ ਵਧਦੀ-ਫੁੱਲਦੀ ਅਤੇ ਪੋਸ਼ਿਤ ਹੁੰਦੀ ਹੈ। ਯਾਨੀ ਯੋਗ ਵਿਅਕਤੀ-ਪਰਿਵਾਰ-ਸਮਾਜ-ਦੇਸ਼-ਵਿਸ਼ਵ ਅਤੇ ਸੰਪੂਰਨ ਮਾਨਵਤਾ ਨੂੰ ਜੋੜਦਾ ਹੈ।*
>
> **– ਨਰੇਂਦਰ ਮੋਦੀ, ਪ੍ਰਧਾਨ ਮੰਤਰੀ**

ਯੋਗ ਨੂੰ ਪਹਿਲੀ ਵਾਰ ਮੁਕਾਬਲੇਬਾਜ਼ੀ ਖੇਡ ਦੇ ਰੂਪ ਵਿੱਚ ਮਾਨਤਾ ਦੇਣ ਲਈ ਆਯੁਸ਼ ਮੰਤਰਾਲੇ ਅਤੇ ਖੇਡ ਮੰਤਰਾਲੇ ਨੇ ਮਿਲ ਕੇ ਪਹਿਲ ਸ਼ੁਰੂ ਕੀਤੀ ਹੈ। ਯੋਗ ਨੂੰ 'ਫਿੱਟ ਇੰਡੀਆ ਮੂਵਮੈਂਟ' ਦਾ ਹਿੱਸਾ ਬਣਾਇਆ ਗਿਆ। ਯੋਗ ਦੀ ਪੜ੍ਹਾਈ ਹੁਣ ਸਮੇਂ ਦੀ ਮੰਗ ਹੈ। ਇਸੇ ਨੂੰ ਦੇਖਦੇ ਹੋਏ ਐੱਨਸੀਈਆਰਟੀ ਨੇ ਕਲਾਸ 1 ਤੋਂ 10 ਤੱਕ ਦੇ ਪਾਠਕ੍ਰਮ ਵਿੱਚ ਸਿਹਤ ਅਤੇ ਸਰੀਰਕ ਸਿੱਖਿਆ ਦੇ ਨਾਲ ਯੋਗ ਨੂੰ ਸ਼ਾਮਲ ਕੀਤਾ। ਆਯੁਸ਼ਮਾਨ

## ਯੋਗ 365... ਤਾਂ ਜੋ ਯੋਗ ਸਲਾਨਾ ਉਤਸਵ ਨਹੀਂ, ਰੋਜ਼ਾਨਾ ਅਭਿਆਸ ਵਿੱਚ ਬਦਲੇ

ਅੰਤਰਰਾਸ਼ਟਰੀ ਯੋਗ ਦਿਵਸ 2015 ਤੋਂ ਮਨਾਉਣ ਦੀ ਸ਼ੁਰੂਆਤ ਹੋਈ, ਤਾਂ ਇਹ ਤੇਜ਼ੀ ਨਾਲ ਵਿਸ਼ਵ ਦੇ ਸਭ ਤੋਂ ਵੱਡੇ ਸਿਹਤ ਅੰਦੋਲਨਾਂ ਵਿੱਚੋਂ ਇੱਕ ਬਣ ਗਿਆ। ਹੁਣ ਭਾਰਤ ਸਰਕਾਰ ਇਸੇ ਇੱਕ ਦਿਨ ਦੇ ਉਤਸਵ ਦੀ ਥਾਂ ਰੋਜ਼ਾਨਾ ਦੀ ਆਦਤ ਬਣਾਉਣਾ ਚਾਹੁੰਦੀ ਹੈ। ਇਸੇ ਉਦੇਸ਼ ਨਾਲ ਯੋਗ 365 ਦੀ ਸ਼ੁਰੂਆਤ ਕੀਤੀ ਗਈ ਹੈ। ਇਸ ਦਾ ਟੀਚਾ ਵਿਅਕਤੀਆਂ, ਸੰਸਥਾਵਾਂ ਅਤੇ ਭਾਈਚਾਰਿਆਂ ਨੂੰ ਪੂਰੇ ਵਰ੍ਹੇ ਨਿਯਮਿਤ ਤੌਰ 'ਤੇ ਯੋਗ ਨਾਲ ਜੋੜਨਾ ਹੈ। ਨਿਯਮਿਤ ਜਨਤਕ ਭਾਗੀਦਾਰੀ, ਸੰਸਥਾਗਤ ਸਹਿਯੋਗ ਅਤੇ ਡਿਜੀਟਲ ਮਾਧਿਅਮਾਂ ਦੀ ਵਰਤੋਂ ਨਾਲ ਯੋਗ 365 ਸਿਹਤ ਅਤੇ ਭਲਾਈ ਨੂੰ ਸਾਰਿਆਂ ਦੇ ਲਈ ਸੁਲਭ, ਸਮਾਵੇਸ਼ੀ ਅਤੇ ਆਦਤ ਅਧਾਰਿਤ ਬਣਾਉਣ ਦਾ ਯਤਨ ਹੈ। ਸਰਕਾਰ ਨੇ ਇਸ ਯਤਨ ਦੇ ਤਹਿਤ ਮੁਫ਼ਤ ਔਨਲਾਈਨ ਯੋਗ ਸੈਸ਼ਨ ਦੇ ਲਈ ਇੱਕ ਸਮਝੌਤਾ ਵੀ ਕੀਤਾ ਹੈ। ਇਸ ਵਿੱਚ ਪ੍ਰਤੀਦਿਨ ਸਰਲ ਯੋਗ ਸੈਸ਼ਨ ਆਯੋਜਿਤ ਕੀਤੇ ਜਾਂਦੇ ਹਨ।

## ਸਮੂਹਿਕ ਭੁਜੰਗਾਸਨ ਦਾ ਏਸ਼ੀਆ ਰਿਕਾਰਡ ਦਰਜ

ਅੰਤਰਰਾਸ਼ਟਰੀ ਯੋਗ ਦਿਵਸ 21 ਜੂਨ ਦੇ ਆਯੋਜਨ ਨਾਲ 50 ਦਿਨ ਪਹਿਲਾਂ ਕਾਨਹਾ ਸ਼ਾਂਤੀ ਵਨਮ ਵਿੱਚ 6,000 ਤੋਂ ਵੱਧ ਭਾਗੀਦਾਰਾਂ ਨੇ ਇਕੱਠੇ ਭੁਜੰਗਾਸਨ ਦਾ ਅਭਿਆਸ ਕੀਤਾ। ਇਹ ਇੱਕ ਉਪਲਬਧੀ ਦੇ ਤੌਰ 'ਤੇ ਏਸ਼ੀਆ ਬੁਕ ਆਫ ਰਿਕਾਰਡਸ ਵਿੱਚ ਇਕੱਠੇ ਆਸਨ ਕਰਨ ਵਾਲੇ ਸਭ ਤੋਂ ਵੱਡੇ ਸਮੂਹ ਦੇ ਰੂਪ ਵਿੱਚ ਦਰਜ ਕੀਤਾ ਗਿਆ। ਇਹ ਯੋਗ ਰਾਹੀਂ ਪ੍ਰਚਾਰਿਤ ਸਮੂਹਿਕ ਭਾਗੀਦਾਰੀ ਅਤੇ ਸਾਂਝੀ ਭਲਾਈ ਦੀ ਭਾਵਨਾ ਨੂੰ ਦਰਸਾਉਂਦਾ ਹੈ।

## ਹੁਣ ਤੱਕ ਇਵੇਂ ਮਨਾਏ ਗਏ ਹਨ ਅੰਤਰਰਾਸ਼ਟਰੀ ਯੋਗ ਦਿਵਸ

**ਵਰ੍ਹਾ-2025**



ਵਿਸ਼ਾਖਾਪਟਨਮ ਵਿੱਚ ਰਸਮੀ ਆਯੋਜਨ, ਪੀਐੱਮ ਮੋਦੀ ਦੀ ਮੌਜੂਦਗੀ ਵਿੱਚ 3 ਲੱਖ ਤੋਂ ਵੱਧ ਲੋਕ ਸ਼ਾਮਲ, ਦੋ ਗਿਨੀਜ਼ ਵਰਲਡ ਰਿਕਾਰਡ ਬਣੇ। 1. ਇੱਕ ਹੀ ਥਾਂ 'ਤੇ ਸਭ ਤੋਂ ਵੱਡਾ ਯੋਗ ਸੈਸ਼ਨ ਦਾ, 2. ਸਮੂਹਿਕ ਸੂਰਯ ਨਮਸਕਾਰ ਦਾ।

**ਥੀਮ: 'ਇੱਕ ਧਰਤੀ, ਇੱਕ ਸਿਹਤ ਦੇ ਲਈ ਯੋਗ'**

**ਵਰ੍ਹਾ-2024**



ਸ੍ਰੀਨਗਰ ਵਿੱਚ ਆਯੋਜਿਤ ਯੋਗ ਪ੍ਰੋਗਰਾਮ ਦੀ ਥੀਮ ਵਿਅਕਤੀਗਤ ਅਤੇ ਸਮਾਜਿਕ ਭਲਾਈ ਨੂੰ ਹੁਲਾਰਾ ਦੇਣ ਵਿੱਚ ਯੋਗ ਰਹੀ।

**ਥੀਮ: ਖ਼ੁਦ ਅਤੇ ਸਮਾਜ ਦੇ ਲਈ ਯੋਗ।**

**ਵਰ੍ਹਾ-2023**



ਪੀਐੱਮ ਮੋਦੀ ਨੇ 2023 ਵਿੱਚ ਸੰਯੁਕਤ ਰਾਸ਼ਟਰ ਹੈੱਡਕੁਆਰਟਰ ਵਿੱਚ ਉਤਸਵ ਦੀ ਅਗਵਾਈ ਕੀਤੀ ਸੀ। ਯੋਗ ਉਤਸਵ ਵਿੱਚ 135 ਦੇਸ਼ਾਂ ਦੀ ਭਾਗੀਦਾਰੀ।

**ਥੀਮ: 'ਵਸੁਧੈਵ ਕੁਟੁੰਬਕਮ ਦੇ ਲਈ ਯੋਗ।'**

**ਵਰ੍ਹਾ-2022**



ਕਰਨਾਟਕ ਦੇ ਮੈਸੂਰ ਵਿੱਚ ਹੋਰ ਭਾਗੀਦਾਰਾਂ ਦੇ ਨਾਲ ਪੀਐੱਮ ਮੋਦੀ ਨੇ ਕੀਤਾ ਸੀ ਯੋਗ।

**ਥੀਮ: ਮਨੁੱਖਤਾ ਦੇ ਲਈ ਯੋਗ।**

**ਵਰ੍ਹਾ-2021**



ਆਲਮੀ ਮਹਾਮਾਰੀ ਨੂੰ ਦੇਖਦੇ ਹੋਏ ਪੀਐੱਮ ਮੋਦੀ ਨੇ ਵਰਚੁਅਲੀ ਸੰਬੋਧਨ ਕੀਤਾ। ਡਬਲਿਊਐੱਚਓ-ਐੱਮ ਯੋਗ ਐਪ ਲਾਂਚ।

**ਥੀਮ: ਆਰੋਗਯ ਦੇ ਲਈ ਯੋਗ।**

**ਵਰ੍ਹਾ-2020**



ਕੋਵਿਡ ਦੀ ਆਲਮੀ ਆਫ਼ਤ ਦੀ ਵਜ੍ਹਾ ਨਾਲ ਜਨਤਕ ਸਮਾਰੋਹ ਨਹੀਂ ਹੋਇਆ, ਪਰ ਵਰਚੁਅਲੀ ਆਯੋਜਨ ਹੋਇਆ।

**ਥੀਮ: ਘਰ 'ਤੇ ਯੋਗ ਅਤੇ ਪਰਿਵਾਰ ਦੇ ਨਾਲ ਯੋਗ।**

**ਵਰ੍ਹਾ-2019**



ਪ੍ਰਧਾਨ ਮੰਤਰੀ ਮੋਦੀ ਨੇ ਰਾਂਚੀ ਵਿੱਚ ਭਾਗੀਦਾਰਾਂ ਦੇ ਨਾਲ ਮਨਾਇਆ ਸੀ ਯੋਗ ਦਿਵਸ।

**ਥੀਮ: ਦਿਲ ਦੀ ਦੇਖਭਾਲ ਦੇ ਲਈ ਯੋਗ।**

**ਵਰ੍ਹਾ-2018**



ਦੇਹਰਾਦੂਨ ਵਿੱਚ 50 ਹਜ਼ਾਰ ਭਾਗੀਦਾਰਾਂ ਦੇ ਨਾਲ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕੀਤਾ ਸੀ ਯੋਗ।

**ਥੀਮ: ਸ਼ਾਂਤੀ ਦੇ ਲਈ ਯੋਗ।**

**ਵਰ੍ਹਾ-2017**



51 ਹਜ਼ਾਰ ਭਾਗੀਦਾਰਾਂ ਦੇ ਨਾਲ ਲਖਨਊ ਵਿੱਚ ਮਨਾਇਆ ਗਿਆ, ਇੱਥੇ ਪੀਐੱਮ ਮੋਦੀ ਨੇ ਜੀਵਨ ਸ਼ੈਲੀ ਵਿੱਚ ਇਸ ਦੇ ਮਹੱਤਵ ਦੀ ਚਰਚਾ ਕੀਤੀ।

**ਥੀਮ: ਸਿਹਤ ਦੇ ਲਈ ਯੋਗ।**

**ਵਰ੍ਹਾ-2016**



ਚੰਡੀਗੜ੍ਹ ਵਿੱਚ ਰਸਮੀ ਆਯੋਜਨ, ਪੀਐੱਮ ਮੋਦੀ ਦੀ ਮੌਜੂਦਗੀ ਵਿੱਚ 30 ਹਜ਼ਾਰ ਲੋਕਾਂ ਨੇ ਵੀ ਹਿੱਸਾ ਲਿਆ ਸੀ।

**ਥੀਮ: ਟਿਕਾਊ ਵਿਕਾਸ ਟੀਚਿਆਂ ਦੀ ਪ੍ਰਾਪਤੀ ਦੇ ਲਈ ਯੋਗ।**

**ਵਰ੍ਹਾ-2015**



ਨਵੀਂ ਦਿੱਲੀ ਵਿੱਚ ਕਰਤਵਯ ਪਥ 'ਤੇ ਆਯੋਜਨ, ਇਸ ਵਿੱਚ 35,985 ਭਾਗੀਦਾਰਾਂ ਨੇ ਹਿੱਸਾ ਲਿਆ। ਦੋ ਗਿਨੀਜ਼ ਵਰਲਡ ਰਿਕਾਰਡ ਬਣੇ।

**ਥੀਮ: ਸਦਭਾਵਨਾ ਅਤੇ ਸ਼ਾਂਤੀ ਦੇ ਲਈ ਯੋਗ।**

**ਅੰਤਰਰਾਸ਼ਟਰੀ ਯੋਗ ਦਿਵਸ 2026 ਦੀ ਥੀਮ: 'ਸਿਹਤਮੰਦ ਉਮਰ ਲਈ ਯੋਗ'**

ਭਾਰਤ ਯੋਜਨਾ ਦੇ ਤਹਿਤ 12,500 ਆਯੁਸ਼ ਸਿਹਤ ਅਤੇ ਭਲਾਈ ਕੇਂਦਰਾਂ ਰਾਹੀਂ ਦੇਸ਼ ਭਰ ਵਿੱਚ ਯੋਗ ਟ੍ਰੇਨਿੰਗ 'ਤੇ ਧਿਆਨ ਦਿੱਤਾ ਗਿਆ ਹੈ।

## ਮਨੁੱਖੀ ਸੱਭਿਆਚਾਰ ਦੀ ਅਮਰ ਵਿਰਾਸਤ

ਭਾਰਤੀਆਂ ਦੇ ਲਈ ਇਹ ਮਾਣ ਦੀ ਗੱਲ ਹੈ ਕਿ ਅੱਜ ਦੇਹਰਾਦੂਨ ਤੋਂ ਲੈ ਕੇ ਡਬਲਿਨ ਤੱਕ, ਸ਼ੰਘਾਈ ਤੋਂ ਲੈ ਕੇ ਸ਼ਿਕਾਗੋ ਤੱਕ, ਜਕਾਰਤਾ ਤੋਂ ਲੈ ਕੇ

ਜੋਹਾਨਿਸਬਰਗ ਤੱਕ, ਯੋਗ ਹੀ ਯੋਗ ਹੈ। ਹਿਮਾਲਿਆ ਦੇ ਹਜ਼ਾਰਾਂ ਫੁੱਟ ਉੱਚੇ ਪਹਾੜ ਹੋਣ ਜਾਂ ਫਿਰ ਧੁੱਪ ਨਾਲ ਤਪਦਾ ਮਾਰੂਥਲ, ਯੋਗ ਹਰ ਸਥਿਤੀ ਵਿੱਚ, ਹਰ ਜੀਵਨ ਨੂੰ ਖੁਸ਼ਹਾਲ ਕਰ ਰਿਹਾ ਹੈ। ਪ੍ਰਧਾਨ ਮੰਤਰੀ ਮੋਦੀ ਕਹਿੰਦੇ ਹਨ, "ਜਦੋਂ ਤੋੜਨ ਵਾਲੀਆਂ ਤਾਕਤਾਂ ਹਾਵੀ ਹੁੰਦੀਆਂ ਹਨ ਤਾਂ ਬਿਖਰਾਅ ਆਉਂਦਾ ਹੈ। ਵਿਅਕਤੀਆਂ ਦੇ ਵਿੱਚ ਸਮਾਜ ਦੇ ਵਿੱਚ ਦੇਸ਼ਾਂ ਦੇ ਵਿੱਚ ਬਿਖਰਾਅ ਆਉਂਦਾ ਹੈ। ਸਮਾਜ ਵਿੱਚ ਦੀਵਾਰਾਂ ਖੜ੍ਹੀਆਂ ਹੁੰਦੀਆਂ ਹਨ, ਪਰਿਵਾਰ ਵਿੱਚ ਕਲੇਸ਼ ਵਧਦਾ ਹੈ ਅਤੇ ਇੱਥੇ ਤੱਕ ਕਿ ਵਿਅਕਤੀ ਅੰਦਰ ਤੋਂ ਟੁੱਟਦਾ ਹੈ ਅਤੇ ਜੀਵਨ ਵਿੱਚ ਤਣਾਅ ਵਧਦਾ ਜਾਂਦਾ ਹੈ। ਇਸ ਵਖਰੇਵੇਂ ਵਿੱਚ ਯੋਗ ਜੋੜਦਾ ਹੈ। ਜੋੜਨ ਦਾ ਕੰਮ ਕਰਦਾ ਹੈ।"

ਯੋਗ ਦੇ ਕਾਰਨ ਕਈ ਨਵੇਂ-ਨਵੇਂ ਯੋਗ ਸੰਸਥਾਨ ਵਿਕਸਿਤ ਹੋ ਰਹੇ ਹਨ। ਯੋਗ ਟ੍ਰੇਨਰਾਂ ਦੀ ਮੰਗ ਵਧੀ ਹੈ। ਯੋਗ ਦੇ ਸੰਸਥਾਵਾਂ ਵਿੱਚ ਵੀ ਅੱਜ ਨੌਜਵਾਨ ਇੱਕ ਪੇਸ਼ੇ ਦੇ ਰੂਪ ਵਿੱਚ ਇਸ ਨੂੰ ਸਵੀਕਾਰ ਕਰਕੇ ਖੁਦ ਨੂੰ ਤਿਆਰ ਕਰ ਰਹੇ ਹਨ। ਦੁਨੀਆ ਦੇ ਦੇਸ਼ਾਂ ਵਿੱਚ ਭਾਰਤੀ ਯੋਗ ਟ੍ਰੇਨਰਾਂ ਦੀ ਮੰਗ ਵਧ ਰਹੀ ਹੈ। ਵਿਸ਼ਵ ਵਿੱਚ ਇੱਕ ਨਵੇਂ ਰੁਜ਼ਗਾਰ ਦਾ ਬਜ਼ਾਰ ਯੋਗ ਨੇ ਤਿਆਰ ਕਰ ਦਿੱਤਾ ਹੈ। ਇਨ੍ਹਾਂ ਸਾਰਿਆਂ ਵਿੱਚ ਭਾਰਤ ਦੇ ਲੋਕਾਂ ਦੀ ਤਰਜੀਹ ਦੁਨੀਆ ਵਿੱਚ ਸਭ ਤੋਂ ਪਹਿਲਾਂ ਰਹਿੰਦੀ ਹੈ। ਕੁਝ ਵਰ੍ਹੇ ਪਹਿਲਾਂ ਹੀ ਯੂਨੈਸਕੋ ਨੇ ਵੀ ਭਾਰਤ ਦੇ ਯੋਗ ਨੂੰ ਮਨੁੱਖੀ ਸੱਭਿਆਚਾਰ ਦੀ ਇੱਕ ਅਮਰ ਵਿਰਾਸਤ ਦੇ ਰੂਪ ਵਿੱਚ ਮਾਨਤਾ ਦਿੱਤੀ ਹੈ। ਵਿਸ਼ਵ ਦੇ ਸੰਗਠਨ ਸਕੂਲਾਂ, ਕਾਲਜਾਂ ਵਿੱਚ ਯੋਗ ਦੀ ਟ੍ਰੇਨਿੰਗ ਨੂੰ ਹਿੱਸਾ ਬਣਾ ਰਹੇ ਹਨ। ਅੱਜ ਭਾਰਤ ਵਿੱਚ ਵੀ ਕਈ ਰਾਜ ਅਜਿਹੇ ਹਨ ਜਿਨ੍ਹਾਂ ਨੇ ਯੋਗ ਨੂੰ ਆਪਣੇ ਵਿਦਿਅਕ ਢਾਂਚੇ ਵਿੱਚ ਸ਼ਾਮਲ ਕੀਤਾ ਹੈ, ਤਾਂ ਜੋ ਆਉਣ ਵਾਲੀਆਂ ਪੀੜ੍ਹੀਆਂ ਸਦੀਆਂ ਪੁਰਾਣੇ ਇਸ ਵਿਗਿਆਨ ਤੋਂ ਜਾਣੂ ਹੋਣ, ਉਸ ਦੇ ਅਭਿਆਸੀ ਬਣਨ ਅਤੇ ਉਹ ਉਨ੍ਹਾਂ ਦੇ ਜੀਵਨ ਦਾ ਹਿੱਸਾ ਬਣਨ।

### ਯੋਗ ਦਾ ਸੌਫਟ ਪਾਵਰ ਬਣਿਆ ਭਾਰਤ

ਯੋਗ ਦੀ ਆਲਮੀ ਮਾਨਤਾ ਨੇ ਭਾਰਤ ਨੂੰ ਇੱਕ ਸੌਫਟ ਪਾਵਰ ਦੇ ਰੂਪ ਵਿੱਚ ਪਛਾਣ ਦਿੱਤੀ ਹੈ। ਕਿਸੇ ਦੇਸ਼ ਦੀ ਬੌਧਿਕ ਅਤੇ ਸੱਭਿਆਚਾਰਕ ਸ਼ਕਤੀ (ਸੌਫਟ ਪਾਵਰ) ਉਸ ਦੇ ਸਮਾਜ ਦੀ ਰਚਨਾਤਮਕ ਇੱਛਾਵਾਂ ਨੂੰ ਦਰਸਾਉਂਦੀ ਹੈ ਅਤੇ ਸਰਕਾਰ ਉਸ ਨੂੰ ਅੱਗੇ ਵਧਾਉਣ ਵਿੱਚ ਹੀ ਮਦਦ ਕਰ ਸਕਦੀ ਹੈ। 2014 ਤੋਂ ਪਹਿਲਾਂ ਵੀ ਲੋਕ ਵਿਦੇਸ਼ਾਂ ਵਿੱਚ ਯੋਗ ਕਰਦੇ ਸਨ, ਪਰ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਪ੍ਰੇਰਨਾ ਨਾਲ ਜਦੋਂ ਸੰਯੁਕਤ ਰਾਸ਼ਟਰ ਨੇ ਇਸ ਨੂੰ 'ਅੰਤਰਰਾਸ਼ਟਰੀ ਯੋਗ ਦਿਵਸ' ਐਲਾਨ ਕੀਤਾ, ਤਦ ਇਹ ਇੱਕ ਆਲਮੀ ਉਤਸਵ ਬਣ ਗਿਆ। ਅੱਜ ਇਹ ਦੁਨੀਆ ਦਾ ਸਭ ਤੋਂ ਵੱਡਾ ਸੱਭਿਆਚਾਰਕ ਉਤਸਵ ਹੈ।

ਯੋਗ ਦੀ ਸ਼ੁਰੂਆਤ ਭਾਰਤ ਵਿੱਚ ਹੋਈ ਸੀ, ਇਹ





## ਯੋਗ ਦਾ ਵਧਦਾ ਬਜ਼ਾਰ

- ਭਾਰਤ ਵਿੱਚ ਯੋਗ ਦਾ ਇਤਿਹਾਸ ਕਰੀਬ 5 ਹਜ਼ਾਰ ਸਾਲ ਪੁਰਾਣਾ।
- ਅਲਾਇਡ ਮਾਰਕਿਟ ਰਿਸਰਚ ਦੀ ਇੱਕ ਰਿਪੋਰਟ ਦੇ ਮੁਤਾਬਕ, 2019 ਵਿੱਚ 37.5 ਅਰਬ ਡਾਲਰ ਦਾ ਸੀ ਆਲਮੀ ਬਜ਼ਾਰ।

**66.4** ਅਰਬ ਡਾਲਰ ਤੱਕ ਪਹੁੰਚ ਜਾਵੇਗਾ 2027 ਵਿੱਚ ਯੋਗ ਦਾ ਆਲਮੀ ਬਜ਼ਾਰ।

**156.11** ਅਰਬ ਡਾਲਰ ਦਾ ਆਲਮੀ ਪੱਧਰ 'ਤੇ ਯੋਗ ਟੂਰਿਜ਼ਮ ਦਾ ਬਜ਼ਾਰ ਅਨੁਮਾਨਤ ਕੀਤਾ ਗਿਆ ਸੀ ਵਰ੍ਹੇ 2021 ਵਿੱਚ।

**5.8%** ਦੀ ਦਰ 2022-2030 ਦੇ ਵਿੱਚ ਇਸ ਬਜ਼ਾਰ ਦਾ ਸਲਾਨਾ ਵਾਧਾ ਅਨੁਮਾਨਿਤ ਹੈ www.grandviewresearch.com ਦੇ ਇੱਕ ਖੋਜ ਅਧਿਐਨ ਦੇ ਮੁਤਾਬਕ।





ਯੋਗ ਕਰਦੇ ਹੋਏ ਚਿਤਰਾਂ ਦੇ ਨਾਲ ਸਿੰਧੂ-ਸਰਸਵਤੀ ਘਾਟੀ ਸੱਭਿਅਤਾ ਦੇ ਅਵਸ਼ੇਸ਼ ਅਤੇ ਮੋਹਰਾਂ ਭਾਰਤ ਵਿੱਚ ਯੋਗ ਦੀ ਮੌਜੂਦਗੀ ਦਾ ਸੰਕੇਤ ਦਿੰਦੀਆਂ ਹਨ।

## ਯੋਗ ਦਾ ਵਧਦਾ ਦਾਇਰਾ

**6+**
ਲੱਖ ਯੋਗ ਵਲੰਟੀਅਰਾਂ ਨੂੰ ਮੋਰਾਰਜੀ ਦੇਸਾਈ ਰਾਸ਼ਟਰੀ ਯੋਗ ਸੰਸਥਾਨ ਨੇ ਕੀਤਾ ਹੈ ਟ੍ਰੇਂਡ

**7+**
ਲੱਖ ਯੋਗ ਪੇਸ਼ੇਵਰਾਂ ਅਤੇ ਵਲੰਟੀਅਰਾਂ ਨੂੰ ਯੋਗ ਪ੍ਰਮਾਣਨ ਬੋਰਡ ਦੇ ਫ੍ਰੇਮਵਰਕ ਦੇ ਤਹਿਤ ਕੀਤਾ ਜਾ ਚੁੱਕਿਆ ਹੈ ਪ੍ਰਮਾਣਿਤ

**70+**
ਬੈਚਲਰ ਆਫ਼ ਨੈਚੁਰੋਪੈਥੀ ਅਤੇ ਯੋਗਿਕ ਸਾਇੰਸਿਜ਼ (ਬੀਐੱਨਵਾਈਐੱਸ) ਦੀ ਪੇਸ਼ਕਸ਼ ਕਰਨ ਵਾਲੇ ਕਾਲਜ

**5,000+**
ਯੋਗ ਟ੍ਰੇਨਿੰਗ ਸੰਸਥਾਨ

**190+**
ਦੇਸ਼ਾਂ ਵਿੱਚ ਹੁਣ ਮਨਾਇਆ ਜਾਂਦਾ ਹੈ ਅੰਤਰਰਾਸ਼ਟਰੀ ਯੋਗ ਦਿਵਸ

### ਰਾਸ਼ਟਰੀ ਸਰਵੇਖਣ ਦੇ ਅਨੁਸਾਰ ਭਾਰਤ ਦੇ

**2.5** ਕਰੋੜ ਪਰਿਵਾਰਾਂ ਵਿੱਚ ਪ੍ਰਤੀਦਿਨ ਘੱਟ ਤੋਂ ਘੱਟ ਇੱਕ ਵਿਅਕਤੀ ਯੋਗ ਕਰਦਾ ਹੈ।



ਯੋਗ ਦੀ ਆਲਮੀ ਪ੍ਰਸਿੱਧੀ ਦੇ ਚਲਦੇ ਪਿਛਲੇ ਦਹਾਕੇ ਵਿੱਚ ਅੰਤਰਰਾਸ਼ਟਰੀ ਯੋਗ ਬਜ਼ਾਰ ਵਿੱਚ 5 ਗੁਣਾ ਦਾ ਵਾਧਾ ਹੋਇਆ ਹੈ।

ਅਜਿਹੀ ਤਕਨੀਕ ਹੈ, ਜੋ ਕਈ ਵੀ ਮੁਫ਼ਤ ਵਿੱਚ ਉਪਯੋਗ ਕਰ ਸਕਦਾ ਹੈ। ਪਹਿਲਾਂ ਅੰਤਰਰਾਸ਼ਟਰੀ ਵਿਸ਼ਵ ਯੋਗ ਦਿਵਸ 21 ਜੂਨ 2015 ਨੂੰ ਮਨਾਇਆ ਗਿਆ ਸੀ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਯੋਗ ਦੀਆਂ ਵਿਸ਼ੇਸ਼ਤਾਵਾਂ ਅਤੇ ਲਾਭ ਦਾ ਜ਼ੋਰ-ਸ਼ੋਰ ਨਾਲ ਪ੍ਰਚਾਰ ਕਰਕੇ ਇਸ ਨੂੰ ਵਿਸ਼ਵ ਪੱਧਰ 'ਤੇ ਮਾਨਤਾ ਦਿਲਵਾਈ। ਅੱਜ ਯੋਗ ਦੁਨੀਆ ਵਿੱਚ ਭਾਰਤ ਦੀ ਸ਼ਕਤੀ ਦੇ ਤੌਰ 'ਤੇ ਦਿਖਾਈ ਦਿੰਦਾ ਹੈ। ਇਹ ਜਨਤਾ ਦੀ ਭਲਾਈ ਦਾ ਉਹ ਵਰਦਾਨ ਹੈ, ਜੋ ਭਾਰਤ ਨੇ ਦੁਨੀਆ ਨੂੰ ਦਿੱਤਾ ਹੈ।

ਅੰਤਰਰਾਸ਼ਟਰੀ ਯੋਗ ਦਿਵਸ ਦੀ ਵਿਆਪਕਤਾ ਨੇ ਹਰੇਕ ਨਾਗਰਿਕ ਨੂੰ ਇਹ ਮਹਿਸੂਸ ਕਰਵਾਇਆ ਹੈ ਕਿ ਰਾਸ਼ਟਰ ਨਿਰਮਾਣ ਦੀ ਹਰ ਪ੍ਰਕਿਰਿਆ, ਹਰ ਗਤੀਵਿਧੀ ਨਾਲ ਜੁੜਨ ਦੇ ਲਈ ਸਾਡਾ ਸਭ ਦਾ ਤੰਦਰੁਸਤ ਰਹਿਣਾ ਜ਼ਰੂਰੀ ਹੈ। ਇਸ ਵਿੱਚ ਸ਼ਾਇਦ ਹੀ ਕਿਸੇ ਨੂੰ ਸ਼ੱਕ ਹੋਵੇਗਾ ਕਿ ਬਿਹਤਰ ਸਿਹਤ ਦੇਖਭਾਲ ਦੇ ਕਾਰਨ ਜੀਵਨ ਸੰਭਾਵਨਾ ਵਧੀ ਹੈ, ਜਿਸ ਨੇ ਭਾਰਤ ਦੀ ਵਿਕਾਸ ਦੀ ਗਤੀ ਨੂੰ ਤੇਜ਼ ਕੀਤਾ ਹੈ। ਵਧਦੀ ਹੋਈ ਕਾਰਜ ਸਮਰੱਥਾ ਕਰਮਯੋਗ ਵਿੱਚ ਬਦਲ ਗਈ ਹੈ। ਤੰਦਰੁਸਤ ਜੀਵਨ ਦੇਸ਼ ਦੀ ਆਰਥਿਕ ਸਿਹਤ ਦੇ ਲਈ ਕਿੰਨਾ ਮਹੱਤਵਪੂਰਨ ਹੈ, ਇਸ ਦਾ ਅੰਦਾਜ਼ਾ ਇਸ ਤੋਂ ਲਗਾਇਆ ਜਾ ਸਕਦਾ ਹੈ ਕਿ ਜੀਵਨ ਜਿਉਣ ਦੀ ਔਸਤ ਉਮਰ ਵਿੱਚ ਇੱਕ ਸਾਲ ਦਾ ਵੀ ਵਾਧਾ ਹੁੰਦਾ ਹੈ ਤਾਂ ਦੇਸ਼ ਦੀ ਜੀਡੀਪੀ ਵਿੱਚ 4 ਫੀਸਦੀ ਦਾ ਵਾਧਾ ਹੁੰਦਾ ਹੈ। ■





**51,000 ਤੋਂ ਵੱਧ ਨਿਯੁਕਤੀ ਪੱਤਰ ਵੰਡੇ**

# ਨੌਜਵਾਨਾਂ ਦੀ ਨਿਰੰਤਰ ਤਰੱਕੀ ਵਿਕਸਿਤ ਭਾਰਤ ਦੀ ਸ਼ਕਤੀ

*ਭਾਰਤ ਦੇ ਨੌਜਵਾਨਾਂ ਨੂੰ ਨਵੇਂ ਮੌਕੇ ਦੇਣ ਦੇ ਲਈ ਕੇਂਦਰ ਸਰਕਾਰ ਵਚਨਬੱਧ ਹੈ। ਇਸ ਦਿਸ਼ਾ ਵਿੱਚ ਰੁਜ਼ਗਾਰ ਮੇਲਾ ਇੱਕ ਮਹੱਤਵਪੂਰਨ ਪਹਿਲਕਦਮੀ ਹੈ। ਦੇਸ਼ ਭਰ ਵਿੱਚ ਹੁਣ ਤੱਕ 19 ਰੁਜ਼ਗਾਰ ਮੇਲਿਆਂ ਦਾ ਆਯੋਜਨ ਕੀਤਾ ਗਿਆ ਜਿਸ ਵਿੱਚ ਨੌਜਵਾਨਾਂ ਨੂੰ 12 ਲੱਖ ਤੋਂ ਵੱਧ ਨਿਯੁਕਤੀ ਪੱਤਰ ਸੌਂਪੇ ਜਾ ਚੁੱਕੇ ਹਨ। 23 ਮਈ ਨੂੰ ਦੇਸ਼ ਭਰ ਵਿੱਚ 47 ਥਾਵਾਂ 'ਤੇ ਆਯੋਜਿਤ 19ਵੇਂ ਰੁਜ਼ਗਾਰ ਮੇਲੇ ਵਿੱਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਸਰਕਾਰੀ ਨੌਕਰੀ ਹਾਸਲ ਕਰਨ ਵਾਲੇ 51 ਹਜ਼ਾਰ ਤੋਂ ਵੱਧ ਨੌਜਵਾਨਾਂ ਨੂੰ ਵੰਡੇ ਨਿਯੁਕਤੀ ਪੱਤਰ...*

ਭਾਰਤ ਦੇ ਨੌਜਵਾਨ ਵਿਕਸਿਤ ਭਾਰਤ ਦੀ ਯਾਤਰਾ ਨੂੰ ਅੱਗੇ ਵਧਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾ ਰਹੇ ਹਨ। ਅੱਜ ਹਰ ਭਾਰਤੀ, ਇੱਕ ਵੱਡੇ ਸੰਕਲਪ ਦੇ ਨਾਲ ਅੱਗੇ ਵਧ ਰਿਹਾ ਹੈ। ਇਹ ਸੰਕਲਪ, 2047 ਤੱਕ ਵਿਕਸਿਤ ਭਾਰਤ ਦੇ ਨਿਰਮਾਣ ਦਾ ਹੈ। ਰੁਜ਼ਗਾਰ ਮੇਲੇ ਵਿੱਚ ਨਿਯੁਕਤੀ ਪੱਤਰ ਵੰਡ ਦੌਰਾਨ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕਿਹਾ ਕਿ ਕਈ ਅਭਿਆਨਾਂ 'ਤੇ ਭਾਰਤ ਦਾ ਪਬਲਿਕ ਅਤੇ ਨਿਜੀ ਸੈਕਟਰ ਮਿਲ ਕੇ ਬਹੁਤ ਵੱਡਾ ਨਿਵੇਸ਼ ਕਰ ਰਿਹਾ ਹੈ। ਇਹ ਨਿਵੇਸ਼ ਦੇਸ਼ ਦੇ ਨੌਜਵਾਨਾਂ ਨੂੰ ਦੇਸ਼ ਵਿੱਚ ਹੀ ਨੌਕਰੀ ਦੇ ਰਿਹਾ ਹੈ, ਉਨ੍ਹਾਂ ਦੇ ਸੁਪਨੇ ਪੂਰੇ ਕਰ ਰਿਹਾ ਹੈ। ਨਿਯੁਕਤੀ ਪੱਤਰ ਮਿਲਣ ਦੇ ਬਾਅਦ ਤੁਹਾਡੀ ਪਛਾਣ ਸਰਕਾਰੀ ਕਰਮਚਾਰੀ ਦੀ ਬਣਨ ਵਾਲੀ ਹੈ। ਅਜਿਹੇ ਵਿੱਚ ਤੁਹਾਨੂੰ ਹਮੇਸ਼ਾ ਇਹ ਧਿਆਨ ਰੱਖਣਾ ਹੈ ਕਿ ਈਜ਼ ਆਫ ਡੂਇੰਗ ਬਿਜ਼ਨਸ ਦੇਸ਼ ਦੀ ਕਿੰਨੀ ਵੱਡੀ ਤਰਜੀਹ ਹੈ।

ਅੱਜ ਭਾਰਤ ਦੇ ਨੌਜਵਾਨ ਦੇ ਕੋਲ ਜਿਸ ਤਰ੍ਹਾਂ ਨਾਲ ਅੱਗੇ ਵਧਣ, ਆਪਣੇ ਸੁਪਨੇ ਪੂਰਾ ਕਰਨ ਦਾ ਮੌਕਾ ਹੈ, ਅਜਿਹੇ ਮੌਕੇ ਪਹਿਲਾਂ ਨਹੀਂ ਮਿਲੇ। ਅੱਜ ਮੈਨੂਫੈਕਚਰਿੰਗ, ਟੈਕਨੋਲੋਜੀ, ਸਟਾਰਟਅੱਪ, ਡਿਜੀਟਲ ਸਰਵਿਸਿਜ਼, ਰੇਲਵੇ, ਡਿਫੈਂਸ, ਸਪੇਸ, ਅਜਿਹੇ ਕਈ ਖੇਤਰਾਂ ਵਿੱਚ ਅਣਗਿਣਤ ਮੌਕੇ ਦੇਸ਼ ਦੇ ਨੌਜਵਾਨਾਂ ਦੀ ਉਡੀਕ ਕਰ ਰਹੇ ਹਨ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਪ੍ਰੋਗਰਾਮ ਵਿੱਚ ਕਿਹਾ ਕਿ ਸਾਡਾ ਯਤਨ ਹੈ ਕਿ ਵੱਧ ਤੋਂ ਵੱਧ ਨੌਜਵਾਨ ਨਵੇਂ ਮੌਕਿਆਂ ਦਾ ਲਾਭ ਲੈ ਸਕਣ ਅਤੇ ਆਪਣਾ ਹੁਨਰ ਦਿਖਾਉਣ ਦਾ ਉਨ੍ਹਾਂ ਨੂੰ ਪੂਰਾ ਮੌਕਾ ਮਿਲੇ। ਇਸ ਲਈ, ਸਕਿੱਲ ਡਿਵੈਲਪਮੈਂਟ, ਉਦਯੋਗ-

> **ਅੱਜ ਭਾਰਤ ਦਾ ਨੌਜਵਾਨ ਦੁਨੀਆ ਦੇ ਹਰ ਖੇਤਰ ਵਿੱਚ ਆਪਣੀ ਪਛਾਣ ਬਣਾ ਰਿਹਾ ਹੈ। ਇਹੀ ਭਾਵਨਾ, ਇਹੀ ਊਰਜਾ ਜਨਤਕ ਸੇਵਾ ਵਿੱਚ ਵੀ ਦਿਖਾਈ ਦੇਣੀ ਚਾਹੀਦੀ ਹੈ। ਵਿਕਸਿਤ ਭਾਰਤ ਅਜਿਹੇ ਹੀ ਨੌਜਵਾਨਾਂ ਦੇ ਯਤਨ ਨਾਲ ਬਣੇਗਾ, ਜੋ ਆਪਣੇ ਕੰਮ ਨੂੰ ਦੇਸ਼ ਸੇਵਾ ਦਾ ਮਾਧਿਅਮ ਮੰਨਦੇ ਹਨ।**
>
> **-ਨਰੇਂਦਰ ਮੋਦੀ, ਪ੍ਰਧਾਨ ਮੰਤਰੀ**

## ਵੱਖ-ਵੱਖ ਮੰਤਰਾਲਿਆਂ ਅਤੇ ਵਿਭਾਗਾਂ ਵਿੱਚ ਕਾਰਜ ਕਰਨਗੇ ਚੁਣੇ ਹੋਏ ਕਰਮਚਾਰੀ

19ਵੇਂ ਰੁਜ਼ਗਾਰ ਮੇਲੇ ਵਿੱਚ ਦੇਸ਼ ਦੇ ਸਾਰੇ ਹਿੱਸਿਆਂ ਵਿੱਚ ਚੁਣੇ ਜਿਨ੍ਹਾਂ ਨਵਨਿਯੁਕਤ ਉਮੀਦਵਾਰਾਂ ਨੂੰ ਨਿਯੁਕਤੀ ਪੱਤਰ ਦਿੱਤਾ ਗਿਆ ਉਹ ਰੇਲਵੇ ਮੰਤਰਾਲਾ, ਗ੍ਰਹਿ ਮੰਤਰਾਲਾ, ਸਿਹਤ ਅਤੇ ਪਰਿਵਾਰ ਭਲਾਈ ਮੰਤਰਾਲਾ, ਵਿੱਤੀ ਸੇਵਾ ਵਿਭਾਗ, ਉੱਚ ਸਿੱਖਿਆ ਵਿਭਾਗ ਆਦਿ ਸਹਿਤ ਕੇਂਦਰ ਸਰਕਾਰ ਦੇ ਵੱਖ-ਵੱਖ ਮੰਤਰਾਲਿਆਂ ਅਤੇ ਵਿਭਾਗਾਂ ਵਿੱਚ ਚਾਰਜ ਸੰਭਾਲਣਗੇ।

## ਨੌਜਵਾਨ ਸ਼ਕਤੀ ਨੂੰ ਨਵੇਂ ਮੌਕੇ ਪ੍ਰਦਾਨ ਕਰਨ ਦੇ ਲਈ ਸਰਕਾਰ ਵਚਨਬੱਧ

- ਭਾਰਤ ਸਰਕਾਰ ਅਤੇ ਸਹਿਯੋਗੀ ਰਾਜ ਸਰਕਾਰਾਂ ਵੱਲੋਂ ਰੁਜ਼ਗਾਰ ਦੇ ਲੱਖਾਂ ਨਿਯੁਕਤੀ ਪੱਤਰਾਂ ਦੀ ਵੰਡ।
- ਮਹਿਲਾਵਾਂ, ਦਿਵਯਾਂਗਜਨਾਂ ਅਤੇ ਆਕਾਂਖੀ ਜ਼ਿਲ੍ਹਿਆਂ ਦੇ ਉਮੀਦਵਾਰਾਂ ਨੂੰ ਖ਼ਾਸ ਲਾਭ।
- ਯੂਪੀਐੱਸਸੀ, ਐੱਸਐੱਸਸੀ, ਰੇਲਵੇ ਭਰਤੀ ਬੋਰਡ ਅਤੇ ਆਈਬੀਪੀਐੱਸ ਜਿਹੀਆਂ ਪ੍ਰਤਿਸ਼ਠਿਤ ਪ੍ਰੀਖਿਆਵਾਂ ਰਾਹੀਂ ਨਿਯੁਕਤੀਆਂ।
- ਬਰਾਬਰ ਮੌਕਿਆਂ ਦੇ ਲਈ 13 ਖੇਤਰੀ ਭਾਸ਼ਾਵਾਂ ਵਿੱਚ ਭਰਤੀ ਪ੍ਰੀਖਿਆਵਾਂ ਦੀ ਸੁਵਿਧਾ।
- I-GOT ਕਰਮਯੋਗੀ ਪੋਰਟਲ 'ਤੇ 4,800 ਤੋਂ ਵੱਧ ਉੱਚ ਗੁਣਵੱਤਾ ਵਾਲੇ ਈ-ਲਰਨਿੰਗ ਕੋਰਸ ਨਾਲ 1.65 ਕਰੋੜ ਤੋਂ ਵੱਧ ਕਰਮਚਾਰੀ ਲੈ ਰਹੇ ਟ੍ਰੇਨਿੰਗ।
- ਪਾਰਦਰਸ਼ੀ ਅਤੇ ਮੈਰਿਟ ਅਧਾਰਿਤ ਭਰਤੀ ਪ੍ਰਕਿਰਿਆ ਨਾਲ ਨੌਜਵਾਨਾਂ ਦੇ ਸੁਪਨਿਆਂ ਨੂੰ ਨਵੀਂ ਉਡਾਣ ।

ਪ੍ਰਧਾਨ ਮੰਤਰੀ ਦਾ ਪੂਰਾ ਪ੍ਰੋਗਰਾਮ ਦੇਖਣ ਦੇ ਲਈ QR ਕੋਡ ਸਕੈਨ ਕਰੋ।

## ਨੌਜਵਾਨਾਂ ਨੂੰ ਸਰਕਾਰੀ ਨੌਕਰੀ ਦੇਣ ਦੇ ਲਈ ਰੁਜ਼ਗਾਰ ਮੇਲਾ




ਅਧਾਰਿਤ ਸਿੱਖਿਆ ਅਤੇ ਫਿਊਚਰ ਟੈਕਨੋਲੋਜੀ 'ਤੇ ਲਗਾਤਾਰ ਜ਼ੋਰ ਦਿੱਤਾ ਜਾ ਰਿਹਾ ਹੈ। ਆਈਟੀਆਈ ਨੂੰ ਆਧੁਨਿਕ ਅਤੇ ਰਾਸ਼ਟਰੀ ਹੁਨਰ ਟ੍ਰੇਨਿੰਗ ਸੰਸਥਾਨ ਨੂੰ ਮਜ਼ਬੂਤ ਕੀਤਾ ਜਾ ਰਿਹਾ ਹੈ। ਪੀਐੱਮ ਸੇਤੂ ਜਿਹੇ ਅਭਿਆਨ ਇਸੇ ਦਿਸ਼ਾ ਵਿੱਚ ਕੰਮ ਕਰ ਰਹੇ ਹਨ।

## ਵਧ ਰਹੀਆਂ ਹਨ ਭਾਰਤ ਦੇ ਲੋਕਾਂ ਦੀਆਂ ਆਕਾਂਖਿਆਵਾਂ

ਅੱਜ ਭਾਰਤ ਦੇ ਲੋਕਾਂ ਦੀਆਂ ਆਕਾਂਖਿਆਵਾਂ ਬਹੁਤ ਵਧ ਰਹੀਆਂ ਹਨ। ਇਹ ਵਿਕਾਸ ਦੇ ਸਕਾਰਾਤਮਕ ਸੰਕੇਤ ਦੀ ਤਰ੍ਹਾਂ ਹੈ। ਪ੍ਰਧਾਨ ਮੰਤਰੀ ਮੋਦੀ ਨੇ ਪ੍ਰੋਗਰਾਮ ਵਿੱਚ ਕਿਹਾ ਕਿ ਸਾਨੂੰ ਆਪਣੇ ਦੇਸ਼ ਦੇ ਲੋਕਾਂ ਦੀਆਂ ਆਕਾਂਖਿਆਵਾਂ ਨੂੰ ਸਮਝਣਾ ਵੀ ਹੈ। ਉਸ ਦੇ ਹਿਸਾਬ ਨਾਲ ਓਨੀ ਹੀ ਤੇਜ਼ੀ ਨਾਲ ਕੰਮ ਵੀ ਕਰਨਾ ਹੈ। ਅਜਿਹੇ ਵਿੱਚ ਜਨਤਕ ਸੇਵਾ ਵਿੱਚ ਆਉਣ ਵਾਲੇ ਨੌਜਵਾਨਾਂ ਦੀ ਭੂਮਿਕਾ ਬਹੁਤ ਮਹੱਤਵਪੂਰਨ ਹੋ ਗਈ ਹੈ। ਪੀਐੱਮ ਮੋਦੀ ਨੇ ਨੌਜਵਾਨਾਂ ਨੂੰ ਤਾਕੀਦ ਕੀਤੀ ਕਿ ਤੁਹਾਨੂੰ ਲਗਾਤਾਰ ਸਿੱਖਦੇ ਰਹਿਣਾ ਹੋਵੇਗਾ। ਖੁਦ ਨੂੰ ਨਵੀਂ ਟੈਕਨੋਲੋਜੀ, ਨਵੇਂ ਸਿਸਟਮ ਅਤੇ ਨਵੀਆਂ ਜ਼ਰੂਰਤਾਂ ਦੇ ਹਿਸਾਬ ਨਾਲ ਤਿਆਰ ਕਰਨਾ ਹੋਵੇਗਾ। ਇਸ ਵਿੱਚ ਤੁਹਾਨੂੰ iGOT ਕਰਮਯੋਗੀ ਪਲੈਟਫਾਰਮ ਤੋਂ ਬਹੁਤ ਮਦਦ ਮਿਲੇਗੀ। ਕਰਮਯੋਗੀ ਪ੍ਰਾਰੰਭ ਜਿਹੇ ਮੌਡਿਊਲ ਨਾਲ ਤੁਹਾਨੂੰ ਆਪਣੀਆਂ ਜ਼ਿੰਮੇਦਾਰੀਆਂ ਸਮਝਣ ਵਿੱਚ ਬਹੁਤ ਸਹੂਲਤ ਹੋਵੇਗੀ। ਮੇਰੀ ਤੁਹਾਨੂੰ ਤਾਕੀਦ ਹੈ ਕਿ ਇਸ ਦਾ ਵੱਧ ਤੋਂ ਵੱਧ ਲਾਭ ਲਵੋ। ■

**ਕੇਂਦਰੀ ਕੈਬਨਿਟ ਦੇ ਫ਼ੈਸਲੇ**

# ਖੁਰਾਕ ਸੁਰੱਖਿਆ ਅਤੇ ਸਵੱਛ ਆਵਾਜਾਈ ਨੂੰ ਨਵੀਂ ਗਤੀ

*ਕੇਂਦਰ ਸਰਕਾਰ ਗ਼ਰੀਬ ਕਲਿਆਣਕਾਰੀ ਯੋਜਨਾਵਾਂ ਨੂੰ ਟੈਕਨੋਲੋਜੀ ਨਾਲ ਲੈਸ ਕਰਕੇ ਵੱਧ ਪਾਰਦਰਸ਼ੀ ਅਤੇ ਸੁਵਿਧਾ ਸੰਪੰਨ ਬਣਾ ਰਹੀ ਹੈ। ਇਸੇ ਦਿਸ਼ਾ ਵਿੱਚ ਕੇਂਦਰੀ ਕੈਬਨਿਟ ਨੇ ਸਾਰਥਕ ਪੀਡੀਐੱਸ ਫੇਜ਼-2 ਦੇ ਲਈ 25,530 ਕਰੋੜ ਰੁਪਏ ਦੀ ਮਨਜ਼ੂਰੀ ਦਿੱਤੀ ਹੈ। ਏਆਈ-ਇਨੇਬਲਡ ਲਾਭਾਰਥੀ ਰਜਿਸਟਰੀ ਨਿਰਮਾਣ, ਜੀਪੀਐੱਸ ਟ੍ਰੈਕਿੰਗ ਅਤੇ ਕਿਊਆਰ ਕੋਡ ਟੈਗਿੰਗ ਜਿਹੇ ਹਾਈਟੈੱਕ ਸਿਸਟਮ ਰਾਹੀਂ ਗ਼ਰੀਬਾਂ ਤੱਕ ਸਸਤੇ ਅਨਾਜ ਅਤੇ ਹੋਰ ਯੋਜਨਾਵਾਂ ਦਾ ਸ਼ਤ-ਪ੍ਰਤੀਸ਼ਤ ਲਾਭ ਪਹੁੰਚਾਇਆ ਜਾਵੇਗਾ। ਨਾਲ ਹੀ, ਇਨਫ੍ਰਾਸਟ੍ਰਕਚਰ ਦੇ ਇਲਾਵਾ ਦਿੱਲੀ-ਐੱਨਸੀਆਰ ਖੇਤਰ ਵਿੱਚ ਪੁਰਾਣੇ ਟਰੱਕਾਂ ਅਤੇ ਬੱਸਾਂ ਨੂੰ ਰਿਪਲੇਸਮੈਂਟ ਕਰਨ ਦੀ ਯੋਜਨਾ ਸਹਿਤ ਕਈ ਹੋਰ ਪ੍ਰਸਤਾਵਾਂ ਨੂੰ ਦਿੱਤੀ ਗਈ ਮਨਜ਼ੂਰੀ...*



**ਫ਼ੈਸਲੇ: ਦਿੱਲੀ-ਐੱਨਸੀਆਰ ਦੇ ਪੁਰਾਣੇ ਟਰੱਕ ਅਤੇ ਬੱਸਾਂ ਹੌਣਗੀਆਂ ਬੀਐੱਸ-VI ਮਿਆਰ ਜਾਂ ਇਲੈਕਟ੍ਰਿਕ ਨਾਲ ਰਿਪਲੇਸ, ਯੋਜਨਾ ਨੂੰ ਮਨਜ਼ੂਰੀ।**
**ਪ੍ਰਭਾਵ:** ਦਿੱਲੀ-ਐੱਨਸੀਆਰ ਦੇ ਲਗਭਗ 1.91 ਲੱਖ ਟਰੱਕ ਅਤੇ 16,329 ਬੱਸਾਂ ਨੂੰ ਰਿਪਲੇਸਮੈਂਟ ਕੀਤੇ ਜਾਣ 'ਤੇ ਵਾਹਨ ਮਾਲਕਾਂ ਨੂੰ ਯੋਜਨਾ ਦਾ ਲਾਭ ਮਿਲੇਗਾ। ਇਹ ਪਹਿਲਕਦਮੀ ਖੇਤਰ ਵਿੱਚ ਹਵਾ ਦੇ ਪ੍ਰਦੂਸ਼ਣ ਨੂੰ ਘੱਟ ਕਰਨ ਵਿੱਚ ਮਹੱਤਵਪੂਰਨ ਯੋਗਦਾਨ ਦੇਵੇਗੀ। ਵਾਤਾਵਰਣ-ਅਨੁਕੂਲ ਟ੍ਰਾਂਸਪੋਰਟ ਵਿਵਸਥਾ ਨੂੰ ਹੁਲਾਰਾ ਮਿਲੇਗਾ ਅਤੇ ਖੇਤਰ ਦੀ ਹਵਾ ਦੀ ਗੁਣਵੱਤਾ ਵਿੱਚ ਸੁਧਾਰ ਹੋਵੇਗਾ।

**ਫ਼ੈਸਲੇ: ਓਡੀਸ਼ਾ ਵਿੱਚ ਰਾਮੇਸ਼ਵਰ ਤੋਂ ਪਾਰਾਦੀਪ ਤੱਕ ਨਵੇਂ ਤਟਵਰਤੀ ਰਾਜਮਾਰਗ (ਦੋ ਪੈਕੇਜ ਵਿੱਚ ਬਣੇ ਕੁੱਲ 160.18 ਕਿਲੋਮੀਟਰ ਲੰਬਾਈ ਵਾਲੇ ਤਟੀ ਰਾਜਮਾਰਗ ਦਾ ਹਿੱਸਾ) ਦੇ ਨਿਰਮਾਣ ਨੂੰ ਹਾਈਬ੍ਰਿਡ ਐਨਿਊਟੀ ਮੋਡ 'ਤੇ ਮਨਜ਼ੂਰੀ।**
**ਪ੍ਰਭਾਵ:** ਇਸ ਦੀ ਕੁੱਲ ਲੰਬਾਈ 160.18 ਕਿਲੋਮੀਟਰ ਹੈ। ਪ੍ਰੋਜੈਕਟ 'ਤੇ 8300.79 ਕਰੋੜ ਰੁਪਏ ਖਰਚ ਦਾ ਅਨੁਮਾਨ ਹੈ। ਇਹ ਪ੍ਰੋਜੈਕਟ ਪ੍ਰਧਾਨ ਮੰਤਰੀ ਗਤੀਸ਼ਕਤੀ ਸਿਧਾਂਤਾਂ ਦੇ ਅਨੁਰੂਪ ਹਨ। 9 ਇਕਨੌਮਿਕ ਨੋਡ ਅਤੇ 5 ਲੌਜਿਸਟਿਕ ਨੋਡਸ ਨੂੰ ਆਪਸ ਵਿੱਚ ਜੋੜੇਗੀ। ਇਸ ਨਾਲ ਦੇਸ਼ ਦੇ ਲੌਜਿਸਟਿਕ ਪਰਫੌਰਮੈਂਸ ਇੰਡੈਕਸ (ਐੱਲਪੀਆਈ) 'ਤੇ ਸਕਾਰਾਤਮਕ ਪ੍ਰਭਾਵ ਪਵੇਗਾ। ਪ੍ਰੋਜੈਕਟ ਜਦੋਂ ਪੂਰਾ ਹੋਵੇਗਾ ਤਦ ਰਾਮੇਸ਼ਵਰ ਅਤੇ ਪਾਰਾਦੀਪ ਦੇ ਵਿੱਚ ਯਾਤਰਾ ਦਾ ਸਮਾਂ ਲਗਭਗ 2 ਘੰਟੇ 30 ਮਿੰਟ ਘੱਟ ਹੋਣ ਦੀ ਉਮੀਦ ਹੈ। ਯਾਤਰੀ ਅਤੇ ਮਾਲ ਢੁਆਈ ਦੋਵਾਂ ਦੇ ਲਈ ਸੁਰੱਖਿਅਤ, ਤੇਜ਼ ਅਤੇ ਨਿਰਵਿਘਨ ਕਨੈਕਟੀਵਿਟੀ ਯਕੀਨੀ ਹੋਵੇਗੀ। ਇਸ ਪ੍ਰੋਜੈਕਟ ਨਾਲ ਈਂਧਣ ਉਪਭੋਗ, ਕਾਰਬਨ ਨਿਕਾਸੀ ਅਤੇ ਵਾਹਨ ਸੰਚਾਲਨ ਲਾਗਤ ਵਿੱਚ ਵੀ ਕਮੀ ਆਵੇਗੀ।

**ਫ਼ੈਸਲੇ: ਬਿਹਾਰ ਵਿੱਚ ਐੱਨਐੱਚ-31 ਅਤੇ ਐੱਨਐੱਚ-231 ਦੇ ਖਗੜਿਆ-ਪੂਰਣਿਆ ਸੈਕਸ਼ਨ (143.529 ਕਿਲੋਮੀਟਰ) ਨੂੰ ਬੀਓਟੀ (ਟੋਲ) ਮੋਡ 'ਤੇ 3,936.05 ਕਰੋੜ ਰੁਪਏ ਦੀ ਲਾਗਤ ਨਾਲ 4-ਲੇਨ ਵਿੱਚ ਅੱਪਗ੍ਰੇਡ ਕਰਨ ਦੀ ਮਨਜ਼ੂਰੀ।**
**ਪ੍ਰਭਾਵ:** ਇਸ ਨਾਲ ਖਗੜਿਆ, ਭਾਗਲਪੁਰ, ਕਟਿਹਾਰ ਅਤੇ ਪੂਰਣਿਆ ਜ਼ਿਲ੍ਹਿਆਂ ਦੇ ਸ਼ਹਿਰੀ ਖੇਤਰਾਂ ਦੀ ਗੰਭੀਰ ਭੂਗੋਲਿਕ ਖਾਮੀਆਂ, ਤਿੱਖੇ ਮੋੜਾਂ ਅਤੇ ਭੀੜ ਭੜੱਕੇ ਦੀ ਸਮੱਸਿਆ ਦਾ ਹੱਲ ਹੋਵੇਗਾ। ਇਸ ਪ੍ਰੋਜੈਕਟ ਵਿੱਚ ਪੂਰਣਿਆ ਸ਼ਹਿਰ ਦੇ ਲਈ ਕਰੀਬ 7 ਕਿਲੋਮੀਟਰ ਲੰਬਾ ਇੱਕ ਵਿਸਤਾਰਤ ਗ੍ਰੀਨਫੀਲਡ ਬਾਈਪਾਸ ਵੀ ਵਿਕਸਿਤ ਕੀਤਾ ਜਾਵੇਗਾ। ਇਸ ਪ੍ਰੋਜੈਕਟ ਨਾਲ ਨਾ ਸਿਰਫ ਔਸਤ ਯਾਤਰਾ ਗਤੀ ਵਧੇਗੀ ਸਗੋਂ ਯਾਤਰਾ ਦਾ ਸਮਾਂ ਲਗਭਗ ਦੋ ਘੰਟੇ ਘੱਟ ਹੋਵੇਗਾ। ਸੜਕ ਸੁਰੱਖਿਆ, ਈਂਧਣ ਕੁਸ਼ਲਤਾ ਅਤੇ ਵਾਹਨ ਸੰਚਾਲਨ ਲਾਗਤ ਵਿੱਚ ਸੁਧਾਰ ਹੋਵੇਗਾ।

**ਫ਼ੈਸਲੇ : ਰਾਸ਼ਨ ਟ੍ਰਾਂਸਪੋਰਟੇਸ਼ਨ, ਹੈਂਡਲਿੰਗ ਅਤੇ ਪੀਡੀਐੱਸ ਆਟੋਮੇਸ਼ਨ ਸਹਾਇਤਾ ਯੋਜਨਾ (ਸਾਰਥਕ-ਪੀਡੀਐੱਸ) ਨੂੰ ਏਕੀਕ੍ਰਿਤ ਅੰਬ੍ਰੇਲਾ ਯੋਜਨਾ ਦੇ ਰੂਪ ਵਿੱਚ ਜਾਰੀ ਰੱਖਣ ਦੀ ਮਨਜ਼ੂਰੀ**

**ਪ੍ਰਭਾਵ :**

- ਖੁਰਾਕ ਆਵਾਜਾਈ ਸਹਾਇਤਾ ਅਤੇ ਸਮਾਰਟ ਪਬਲਿਕ ਡਿਸਟ੍ਰੀਬਿਊਸ਼ਨ ਸਿਸਟਮ (ਪੀਡੀਐੱਸ) ਯੋਜਨਾਵਾਂ ਨੂੰ ਏਕੀਕ੍ਰਿਤ ਕਰਕੇ ਇਸ ਨੂੰ ਸਾਰਥਕ-ਪੀਡੀਐੱਸ ਨਾਂ ਦਿੱਤਾ ਗਿਆ ਹੈ।
- ਰਾਜਾਂ/ਕੇਂਦਰ ਸ਼ਾਸਿਤ ਪ੍ਰਦੇਸ਼ਾਂ ਵੱਲੋਂ ਖੁਰਾਕਾਂ ਦੀ ਰਾਜ ਦੇ ਅੰਦਰ ਆਵਾਜਾਈ ਅਤੇ ਹੈਂਡਲਿੰਗ 'ਤੇ ਕੀਤੇ ਗਏ ਖਰਚ ਦੇ ਲਈ ਕੇਂਦਰੀ ਸਹਾਇਤਾ ਮਾਪਦੰਡਾਂ ਵਿੱਚ ਸੋਧ।
- ਮੌਜੂਦਾ ਕੇਂਦਰੀ ਵਿੱਤੀ ਸਹਾਇਤਾ ਅਤੇ ਐੱਫਪੀਐੱਸ ਡੀਲਰਾਂ ਦੇ ਮਾਰਜਿਨ ਸਹਾਇਤਾ ਨੂੰ ਜਾਰੀ ਰੱਖਿਆ ਜਾਵੇਗਾ।
- ਵੱਧ ਪ੍ਰਭਾਵੀ, ਪਾਰਦਰਸ਼ੀ ਅਤੇ ਤਕਨੀਕ ਅਧਾਰਿਤ ਪੀਡੀਐੱਸ ਵੰਡ 'ਤੇ ਖਾਸ ਜ਼ੋਰ।
- ਐੱਨਐੱਫਐੱਸਏ ਦੇ ਪ੍ਰਭਾਵੀ ਲਾਗੂਕਰਨ ਦੀ ਮਜ਼ਬੂਤੀ ਦੇ ਲਈ ਏਕੀਕ੍ਰਿਤ ਅਤੇ ਇੰਟਰਓਪਰੇਬਲ ਪੀਡੀਐੱਸ ਸੰਰਚਨਾ ਵਿਕਸਿਤ ਕੀਤੀ ਜਾਵੇਗੀ।
- ਪੀਡੀਐੱਸ ਸੰਚਾਲਨ ਦੇ ਆਧੁਨਿਕੀਕਰਣ ਦੇ ਲਈ ਏਆਈ, ਐੱਮਐੱਲ, ਐੱਨਐੱਲਪੀ ਅਤੇ ਬਲੌਕਚੇਨ ਤਕਨੀਕਾਂ ਦਾ ਉਪਯੋਗ ਕੀਤਾ ਜਾਵੇਗਾ।
- ਰੀਅਲ-ਟਾਈਮ ਮੌਨੀਟਰਿੰਗ ਅਤੇ ਏਆਈ-ਅਧਾਰਿਤ ਸ਼ਿਕਾਇਤ ਨਿਵਾਰਣ ਪ੍ਰਣਾਲੀ ਵਿਕਸਿਤ ਕੀਤੀ ਜਾਵੇਗੀ।
- ਰਾਜਾਂ/ਕੇਂਦਰ ਸ਼ਾਸਿਤ ਪ੍ਰਦੇਸ਼ਾਂ ਵਿੱਚ ਅਧਾਰ ਸੀਡਿੰਗ, e-PoS ਆਟੋਮੇਸ਼ਨ ਅਤੇ ਕੰਪਿਊਟਰੀਕ੍ਰਿਤ ਸਪਲਾਈ-ਚੇਨ ਪ੍ਰਬੰਧਨ ਦਾ ਵਿਸਤਾਰ ਕੀਤਾ ਜਾਵੇਗਾ।



**₹25,530** ਕਰੋੜ ਦੇ ਕੇਂਦਰੀ ਖਰਚ ਨੂੰ 16ਵੇਂ ਵਿੱਤ ਕਮਿਸ਼ਨ ਦੀ ਮਿਆਦ ਦੇ ਲਈ ਮਨਜ਼ੂਰੀ ਪ੍ਰਦਾਨ ਕੀਤੀ ਗਈ

**81.35** ਕਰੋੜ ਰਾਸ਼ਟਰੀ ਖੁਰਾਕ ਸੁਰੱਖਿਆ ਐਕਟ ਲਾਭਾਰਥੀਆਂ ਦੀ ਖੁਰਾਕ ਸੁਰੱਖਿਆ ਵਿੱਚ ਸਹਾਇਕ ਹੋਵੇਗਾ

***ਯੋਜਨਾ 31 ਮਾਰਚ 2031 ਤੱਕ ਸੰਚਾਲਿਤ ਕੀਤੀ ਜਾਵੇਗੀ***

**ਫ਼ੈਸਲੇ: ਅਨੁਸੂਚਿਤ ਭਾਰਤੀ ਵਿਮਾਨ ਸੇਵਾਵਾਂ ਨੂੰ ਘਰੇਲੂ ਅਤੇ ਅੰਤਰਰਾਸ਼ਟਰੀ ਉਡਾਣਾਂ ਦੇ ਲਈ ਏਟੀਐੱਫ ਦੀਆਂ ਕੀਮਤਾਂ ਵਿੱਚ ਸਥਿਰਤਾ ਬਣਾਏ ਰੱਖਣ ਵਿੱਚ ਸਹਾਇਤਾ ਦੇਣ ਦੇ ਉਦੇਸ਼ ਨਾਲ ਤੇਲ ਮਾਰਕੀਟਿੰਗ ਕੰਪਨੀਆਂ (ਓਐੱਮਸੀ) ਨੂੰ 10,000 ਕਰੋੜ ਰੁਪਏ ਤੱਕ ਦੀ ਇੱਕ ਮੁਸ਼ਤ ਬਜਟੀ ਸਹਾਇਤਾ ਨੂੰ ਮਨਜ਼ੂਰੀ।**

**ਪ੍ਰਭਾਵ:** ਇਹ ਬਜਟੀ ਸਹਾਇਤਾ ਪੈਟਰੋਲੀਅਮ ਅਤੇ ਕੁਦਰਤੀ ਗੈਸ ਮੰਤਰਾਲੇ ਦੇ ਗ੍ਰਾਂਟ ਮੰਗ ਰਾਹੀਂ ਓਐੱਮਸੀ ਨੂੰ ਵਿਆਜ-ਮੁਕਤ ਰਾਸ਼ੀ ਦੇ ਰੂਪ ਵਿੱਚ ਦਿੱਤੀ ਜਾਵੇਗੀ। ਪੱਛਮੀ ਏਸ਼ੀਆ ਸੰਕਟ ਦੇ ਕਾਰਨ ਈਂਧਣ ਦੀਆਂ ਕੀਮਤਾਂ ਵਿੱਚ ਬੇਮਿਸਾਲ ਅਸਥਿਰਤਾ ਬਣੀ ਹੋਈ ਹੈ। ਇਸ ਦੌਰ ਵਿੱਚ ਏਟੀਐੱਫ ਦੀਆਂ ਸਥਿਰ ਕੀਮਤਾਂ ਨੂੰ ਯਕੀਨੀ ਬਣਾਉਣ ਲਈ ਓਐੱਮਸੀ ਨੂੰ ਇਹ ਸਹਾਇਤਾ ਪ੍ਰਦਾਨ ਕੀਤੀ ਜਾਵੇਗੀ।

**ਫ਼ੈਸਲੇ: ਰਾਸ਼ਟਰੀ ਰਾਜਮਾਰਗ (ਐੱਨਐੱਚ)-63 ਦੇ ਮੌਜੂਦਾ ਆਰਮੂਰ-ਜਗਤਿਆਲ-ਮੰਚਰਿਆਲ ਸੈਕਸ਼ਨ ਨੂੰ ਹਾਇਬ੍ਰਿਡ ਸਲਾਨਾ ਮਾਡਲ (ਐੱਚਐੱਮ) ਦੇ ਤਹਿਤ ਅਤੇ ਰਾਸ਼ਟਰੀ ਰਾਜਮਾਰਗ (ਐੱਨਐੱਚ)-563 ਦੇ ਜਗਤਿਆਲ-ਕਰੀਮਨਗਰ ਸੈਕਸ਼ਨ ਨੂੰ ਬਿਲਡ-ਓਪਰੇਟ-ਟ੍ਰਾਂਸਫਰ (ਟੋਲ) ਦੇ ਤਹਿਤ ਚਾਰ ਲੇਨ ਮਿਆਰ ਤੱਕ ਚੌੜਾ ਕਰਨ ਦੀ ਮਨਜ਼ੂਰੀ।**

**ਪ੍ਰਭਾਵ:** ਇਨ੍ਹਾਂ ਸੈਕਸ਼ਨਾਂ ਦੀ ਕੁੱਲ ਲੰਬਾਈ 190.76 ਕਿਲੋਮੀਟਰ ਹੈ। ਪ੍ਰੋਜੈਕਟ 'ਤੇ 7,500 ਕਰੋੜ ਰੁਪਏ ਖਰਚ ਦਾ ਅਨੁਮਾਨ ਹੈ। ਪ੍ਰੋਜੈਕਟ ਦੇ ਪੂਰਾ ਹੋਣ 'ਤੇ ਯਾਤਰਾ ਦੇ ਸਮੇਂ ਵਿੱਚ ਕਮੀ ਆਵੇਗੀ। ਸੁਰੱਖਿਅਤ, ਤੇਜ਼ ਅਤੇ ਨਿਰਵਿਘਨ ਕਨੈਕਟੀਵਿਟੀ ਯਕੀਨੀ ਹੋਵੇਗੀ। ਇਸ ਪ੍ਰੋਜੈਕਟ ਨਾਲ ਈਂਧਣ ਦੀ ਖਪਤ, ਕਾਰਬਨ ਨਿਕਾਸੀ ਅਤੇ ਵਾਹਨ ਸੰਚਾਲਨ ਲਾਗਤ ਵਿੱਚ ਵੀ ਬਹੁਤ ਕਮੀ ਆਵੇਗੀ।

**ਫ਼ੈਸਲੇ: ਮੱਧ ਪ੍ਰਦੇਸ਼ ਵਿੱਚ ਐੱਨਐੱਚ-347ਬੀ ਦੇ 125 ਕਿਲੋਮੀਟਰ ਦੇ ਹਿਵਾਰਖੇੜੀ-ਰੋਸ਼ਨੀ-ਆਸ਼ਾਪੁਰ-ਰੁਧੀ ਸੈਕਸ਼ਨ ਨੂੰ 2 ਲੇਨ ਵਿੱਚ ਅੱਪਗ੍ਰੇਡ ਕਰਨ ਅਤੇ ਕਰੀਬ 109 ਕਿਲੋਮੀਟਰ ਦੇ ਦੇਸ਼ਗਾਓਂ-ਜੁਲਵਾਨਿਆ ਸੈਕਸ਼ਨ ਨੂੰ 4 ਲੇਨ ਬਣਾਉਣ ਵਾਲੇ ਪ੍ਰੋਜੈਕਟ ਨੂੰ ਮਨਜ਼ੂਰੀ। ਨਿਰਮਾਣ ''ਹਾਈਬ੍ਰਿਡ ਐਨੂਇਟੀ ਮੋਡ' ਨਾਲ ਹੋਵੇਗਾ।**

**ਪ੍ਰਭਾਵ:** ਪ੍ਰੋਜੈਕਟ 'ਤੇ ਅਨੁਮਾਨਿਤ 4,415.60 ਕਰੋੜ ਰੁਪਏ ਖਰਚ ਹੋਣਗੇ। ਪ੍ਰੋਜੈਕਟ ਨਾਲ ਔਸਤ ਯਾਤਰਾ ਗਤੀ ਅਤੇ ਕਨੈਕਟੀਵਿਟੀ ਵਧੇਗੀ। ਸੜਕ ਸੁਰੱਖਿਆ, ਈਂਧਣ ਕੁਸ਼ਲਤਾ ਅਤੇ ਵਾਹਨ ਸੰਚਾਲਨ ਲਾਗਤ ਵਿੱਚ ਸੁਧਾਰ ਹੋਵੇਗਾ। ਇਹ ਪ੍ਰੋਜੈਕਟ ਮੱਧ ਪ੍ਰਦੇਸ਼ ਦੇ ਪ੍ਰਮੁੱਖ ਆਰਥਿਕ, ਸਮਾਜਿਕ ਅਤੇ ਲੌਜਿਸਟਿਕਸ ਕੇਂਦਰਾਂ ਨੂੰ ਨਿਰਵਿਘਨ ਤੌਰ 'ਤੇ ਜੋੜੇਗੀ।

ਕੈਬਨਿਟ ਦੇ ਫ਼ੈਸਲੇ 'ਤੇ ਪ੍ਰੈੱਸ ਬ੍ਰੀਫਿੰਗ ਦੇਖਣ ਦੇ ਲਈ QR ਕੋਡ ਸਕੈਨ ਕਰੋ।




ਸਨਮਾਨ ਸਮਾਰੋਹ ਦਾ ਪੂਰਾ ਪ੍ਰੋਗਰਾਮ ਦੇਖਣ ਦੇ ਲਈ QR ਕੋਡ ਸਕੈਨ ਕਰੋ।

**ਪਦਮ ਪੁਰਸਕਾਰ 2026**

# ਰਾਸ਼ਟਰ ਦੇ ਨਾਇਕਾਂ ਦਾ ਅਭਿਨੰਦਨ...

*ਰਾਸ਼ਟਰਪਤੀ ਭਵਨ ਦਾ ਗਣਤੰਤਰ ਮੰਡਪ ਇੱਕ ਵਾਰ ਫਿਰ ਰਾਸ਼ਟਰ ਦੀਆਂ ਵਿਲੱਖਣ ਪ੍ਰਤਿਭਾਵਾਂ, ਅਸਧਾਰਣ ਸੇਵਾ ਅਤੇ ਅਦੁੱਤੀ ਹਿੰਮਤ ਦੀ ਚਮਕ ਨਾਲ ਚਮਕ ਉੱਠਿਆ। 25 ਮਈ ਨੂੰ, ਸ਼ਾਨਦਾਰ ਸਿਵਿਲ ਇੰਨਸਟੀਚਰ ਸਮਾਰੋਹ-1 ਦੌਰਾਨ, ਰਾਸ਼ਟਰਪਤੀ ਦ੍ਰੋਪਦੀ ਮੁਰਮੂ ਨੇ ਸਾਲ 2026 ਲਈ ਚੁਣੇ ਗਏ 131 ਵਿੱਚੋਂ 66 ਪ੍ਰਸਿੱਧ ਸ਼ਖਸੀਅਤਾਂ ਨੂੰ ਵੱਕਾਰੀ ਪਦਮ ਵਿਭੂਸ਼ਣ, ਪਦਮ ਭੂਸ਼ਣ ਅਤੇ ਪਦਮ ਸ਼੍ਰੀ ਪੁਰਸਕਾਰਾਂ ਨਾਲ ਕੀਤਾ ਸਨਮਾਨਿਤ...*

ਸਮਾਰੋਹ ਦੇ ਪਹਿਲੇ ਪੜਾਅ ਵਿੱਚ 2 ਪਦਮ ਵਿਭੂਸ਼ਣ, 6 ਪਦਮ ਭੂਸ਼ਣ ਅਤੇ 58 ਪਦਮ ਸ਼੍ਰੀ ਪੁਰਸਕਾਰ ਪ੍ਰਦਾਨ ਕੀਤੇ ਗਏ। ਇਹ ਸਮਾਰੋਹ ਸਿਰਫ਼ ਪੁਰਸਕਾਰ ਵੰਡ ਦਾ ਗਵਾਹ ਨਹੀਂ ਬਣਿਆ, ਸਗੋਂ ਇਹ ਜ਼ਮੀਨੀ ਪੱਧਰ 'ਤੇ ਦੇਸ਼ ਨੂੰ ਬਦਲਣ ਵਾਲੇ ਨਾਇਕਾਂ ਦੀ ਸਾਧਨਾ ਦਾ ਸਮਾਰੋਹ ਸੀ। ਰਾਸ਼ਟਰਪਤੀ ਭਵਨ ਵਿਖੇ ਆਯੋਜਿਤ ਪ੍ਰੋਗਰਾਮ ਵਿੱਚ ਉਨ੍ਹਾਂ ਸਪੂਤਾਂ ਅਤੇ ਬੇਟੀਆਂ ਨੂੰ ਸਨਮਾਨਿਤ ਕੀਤਾ ਗਿਆ, ਜਿਨ੍ਹਾਂ ਨੇ ਕਲਾ, ਸਾਹਿਤ, ਸਮਾਜ ਸੇਵਾ, ਵਿਗਿਆਨ ਅਤੇ ਉਦਯੋਗ ਵਰਗੇ ਵੱਖ- ਵੱਖ ਖੇਤਰਾਂ ਵਿੱਚ ਭਾਰਤ ਦਾ ਮਾਣ ਵਧਾਇਆ ਹੈ। ਇਹ ਕਹਾਣੀ ਹੈ ਉਨ੍ਹਾਂ ਹੀ ਅਸਧਾਰਣ ਸ਼ਖਸੀਅਤਾਂ ਦੀ, ਜਿਨ੍ਹਾਂ ਦੀ ਯਾਤਰਾ ਨੇ ਅੱਜ ਦੇਸ਼ ਦੇ ਸਰਬਉੱਚ ਨਾਗਰਿਕ ਸਨਮਾਨਾਂ ਵਿੱਚੋਂ ਇੱਕ ਵਿੱਚ ਆਪਣਾ ਸਥਾਨ ਯਕੀਨੀ ਬਣਾਇਆ ਹੈ। ਕੇਂਦਰ ਸਰਕਾਰ ਨੇ ਇਸੇ ਵਰ੍ਹੇ 25 ਜਨਵਰੀ ਨੂੰ 131 ਪਦਮ ਪੁਰਸਕਾਰ ਜੇਤੂਆਂ ਦੇ ਨਾਮ ਦਾ ਐਲਾਨ ਕੀਤਾ ਸੀ।



## ਪਦਮ ਵਿਭੂਸ਼ਣ



## ਧਰਮੇਂਦਰ ਸਿੰਘ ਦਿਓਲ (ਮਰਨ ਉਪਰੰਤ)

ਭਾਰਤੀ ਸਿਨੇਮਾ ਦੀ ਮਹਾਨ ਸ਼ਖਸੀਅਤ ਅਤੇ ਸਾਬਕਾ ਸਾਂਸਦ ਸਨ। ਉਨ੍ਹਾਂ ਨੂੰ ਹਿੰਦੀ ਫਿਲਮ ਉਦਯੋਗ ਦੇ ਇਤਿਹਾਸ ਵਿੱਚ ਬਹੁਪੱਖੀ ਅਤੇ ਕਾਰੋਬਾਰੀ ਤੌਰ 'ਤੇ ਸਫਲ ਹੀਰੋਜ਼ ਵਿੱਚੋਂ ਇੱਕ ਮੰਨਿਆ ਜਾਂਦਾ ਹੈ। ਉਹ ਬਾਲੀਵੁੱਡ ਦੇ 'ਹੀ ਮੈਨ' ਦੇ ਰੂਪ ਵਿੱਚ ਪ੍ਰਸਿੱਧ ਸਨ ਅਤੇ ਉਨ੍ਹਾਂ ਦਾ ਛੇ ਦਹਾਕਿਆਂ ਤੋਂ ਵੱਧ ਦਾ ਸ਼ਾਨਦਾਰ ਕਰੀਅਰ ਰਿਹਾ ਹੈ। ਉਨ੍ਹਾਂ ਨੇ 300 ਤੋਂ ਵੱਧ ਫਿਲਮਾਂ ਵਿੱਚ ਅਦਾਕਾਰੀ ਕੀਤੀ। ਹਿੰਦੀ ਸਿਨੇਮਾ ਵਿੱਚ ਸਭ ਤੋਂ ਹਿਟ ਫਿਲਮਾਂ ਦਾ ਰਿਕਾਰਡ ਬਣਾਇਆ। ਕਲਾ ਦੇ ਪ੍ਰਤੀ ਆਪਣੇ ਪੂਰਾ ਜੀਵਨ ਸਮਰਪਣ ਲਈ ਕਈ ਵੱਕਾਰੀ ਪੁਰਸਕਾਰ ਅਤੇ ਸਨਮਾਨ ਪ੍ਰਾਪਤ ਕੀਤੇ। ਬਾਲੀਵੁੱਡ ਵਿੱਚ ਉਨ੍ਹਾਂ ਦੇ ਅਪਾਰ ਯੋਗਦਾਨ ਦੇ ਲਈ ਉਨ੍ਹਾਂ ਨੂੰ 1997 ਵਿੱਚ ਫਿਲਮ ਫੇਅਰ ਲਾਈਫ ਟਾਈਮ ਅਚੀਵਮੈਂਟ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ। ਵਰ੍ਹੇ 2012 ਵਿੱਚ ਉਨ੍ਹਾਂ ਨੂੰ ਦੇਸ਼ ਦੇ ਤੀਜੇ ਸਰਬਉੱਚ ਨਾਗਰਿਕ ਪੁਰਸਕਾਰ ਪਦਮ ਭੂਸ਼ਣ ਨਾਲ ਵੀ ਸਨਮਾਨਿਤ ਕੀਤਾ ਗਿਆ ਸੀ। ਆਪਣੀ ਸਿਨੇਮੈਟਿਕ ਪ੍ਰਾਪਤੀਆਂ ਤੋਂ ਇਲਾਵਾ ਧਰਮੇਂਦਰ ਵਰ੍ਹੇ 2004 ਤੋਂ 2009 ਤੱਕ ਰਾਜਸਥਾਨ ਦੇ ਬੀਕਾਨੇਰ ਤੋਂ ਲੋਕਸਭਾ ਸਾਂਸਦ ਵੀ ਰਹੇ। 8 ਦਸੰਬਰ, 1939 ਨੂੰ ਪੰਜਾਬ ਦੇ ਨਸਰਾਲੀ ਵਿੱਚ ਉਨ੍ਹਾਂ ਦਾ ਜਨਮ ਹੋਇਆ ਸੀ।



## ਪਦਮ ਸ਼੍ਰੀ

- ਵਿਸ਼ਵਬੰਧੂ (ਮਰਨ ਉਪਰੰਤ)
- ਭਾਰਤ ਸਿੰਘ ਭਾਰਤੀ
- ਤਗਾ ਰਾਮ ਭੀਲ
- ਹਰਮਨਪ੍ਰੀਤ ਕੌਰ ਭੁੱਲਰ
- ਰਤੀਲਾਲ ਮੋਹਨਲਾਲ ਬੇਰਿਸਾਗਰ
- ਕੁਮਾਰ ਬੋਸ
- ਜਨਾਰਦਨ ਬਾਪੂ ਰਾਓ ਬੋਥੇ
- ਸਵਾਮੀ ਬ੍ਰਹਮਦੇਵ
- ਪ੍ਰੋਸੇਨਜੀਤ ਚੈਟਰਜੀ
- ਦੇਵਕੀ ਅੰਮਾ ਜੀ
- ਡਾ. ਰਾਮਚੰਦ੍ਰ ਗੋਡਬੋਲੇ
- ਸੁਨੀਤਾ ਗੋਡਬੋਲੇ
- ਤੇਚੀ ਗੁਬਿਨ
- ਡਾ. ਐੱਚ. ਵੀ. ਹਾਂਡੇ
- ਗਫਰੂਉੱਦੀਨ ਮੇਵਾਤੀ ਜੋਗੀ
- ਮੀਰ ਹਾਜੀ ਕਾਸਮ
- ਰਘੁਵੀਰ ਖੇੜਕਰ
- ਆਰ. ਕ੍ਰਿਸ਼ਣਨ ਕਿਟਨਾ (ਮਰਨ ਉਪਰੰਤ)
- ਪ੍ਰੋ. ਡਾ. ਲੌਰਸ- ਕ੍ਰਿਸ਼ਚੀਅਨ ਕੋਚ
- ਪ੍ਰੋ. ਮਾਮਿਡਾਲਾ ਜਗਦੀਸ਼ ਕੁਮਾਰ
- ਪ੍ਰਵੀਨ ਕੁਮਾਰ
- ਕੇ. ਵਿਜੈ ਕੁਮਾਰ
- ਸ਼੍ਰੀਰੰਗ ਦੇਵਬਾ ਲਾਡ
- ਅੰਕੇਗੌਂੜਾ ਐੱਮ
- ਪ੍ਰੋਫੈਸਰ (ਡਾ.) ਸਰੋਜ ਮੰਡਲ
- ਪ੍ਰੋਫੈਸਰ ਬੁੱਧ ਰਸ਼ਮੀ ਮਣੀ
- ਨਿਲੇਸ਼ ਵਿਨੋਦ ਚੰਦ੍ਰਾ ਮਾਂਡਲੇਵਾਲਾ
- ਡਾ. ਮਹੇਂਦਰ ਕੁਮਾਰ ਮਿਸ਼ਰਾ
- ਤ੍ਰਿਪਤੀ ਮੁਖਰਜੀ



## ਪਦਮ ਵਿਭੂਸ਼ਣ



### ਡਾ. (ਸ਼੍ਰੀਮਤੀ) ਐੱਨ. ਰਾਜਮ

ਸੰਗੀਤ ਦੇ ਖੇਤਰ ਵਿੱਚ ਬਿਹਤਰੀਨ ਅਤੇ ਪ੍ਰਸਿੱਧ ਕਲਾਕਾਰਾਂ ਵਿੱਚੋਂ ਇੱਕ ਵਾਇਲਨ ਕਲਾ ਦੇ ਮਾਹਿਰ ਹਨ। ਉਨ੍ਹਾਂ ਦੀਆਂ ਉਂਗਲੀਆਂ ਵਾਇਲਨ ਦੀਆਂ ਤਾਰਾਂ  ਛੂੰਹਦੇ ਹੀ ਸਮਾਂ ਬੰਨ੍ਹ ਦਿੰਦੀਆਂ ਹਨ। ਉਨ੍ਹਾਂ ਨੇ ਵਾਇਲਨ 'ਤੇ ਸੰਗੀਤ ਦੀ ਗਾਇਨ ਸ਼ੈਲੀ ਪੇਸ਼ ਕਰਨ ਦੀ 'ਗਾਇਕੀ ਅੰਗ' ਨਾਮ ਦੀ ਤਕਨੀਕ ਦੀ ਸ਼ੁਰੂਆਤ ਕਰਕੇ ਸ਼ਾਸਤਰੀ ਸੰਗੀਤ ਨੂੰ ਇੱਕ ਕ੍ਰਾਂਤੀਕਾਰੀ ਦ੍ਰਿਸ਼ਟੀਕੋਣ ਦਿੱਤਾ, ਜਿਸ ਨਾਲ ਉਹ ਦੇਸ਼ ਭਰ ਵਿੱਚ 'ਸਿੰਗਿੰਗ ਵਾਇਲਨ' ਦੇ ਨਾਮ ਨਾਲ ਪ੍ਰਸਿੱਧ ਹੋਏ। 16 ਮਾਰਚ 1939 ਨੂੰ ਅਰਨਾਕੁਲਮ ਦੀ ਸੰਗੀਤ ਪਰੰਪਰਾ ਦੇ ਇੱਕ ਪਰਿਵਾਰ ਵਿੱਚ ਪੈਦਾ ਹੋਏ ਡਾ. ਰਾਜਮ ਨੇ ਪਿਤਾ ਵਿਦਵਾਨ ਏ. ਨਾਰਾਇਣ ਅੱਯਿਰ ਤੋਂ ਵਿੱਦਿਆ ਪ੍ਰਾਪਤ ਕੀਤੀ। ਆਪਣੇ ਕਲਾਕਾਰੀ ਦੇ ਕਰੀਅਰ ਤੋਂ ਇਲਾਵਾ ਡਾ. ਰਾਜਮ ਲਗਭਗ ਚਾਰ ਦਹਾਕਿਆਂ ਤੱਕ ਬਨਾਰਸ ਹਿੰਦੂ ਯੂਨੀਵਰਸਿਟੀ ਦੇ ਪ੍ਰਦਰਸ਼ਨ ਕਲਾ ਫੈਕਲਟੀ ਵਿੱਚ ਪ੍ਰੋਫੈਸਰ ਦੇ ਅਹੁਦੇ 'ਤੇ ਰਹੇ। ਉਹ ਵਿਭਾਗ ਦੇ ਪ੍ਰਮੁੱਖ ਅਤੇ ਬਾਅਦ ਵਿੱਚ ਫੈਕਲਟੀ ਦੇ ਡੀਨ ਬਣੇ। ਡਾ. ਰਾਜਮ ਨੇ ਅਮਰੀਕਾ, ਕੈਨੇਡਾ, ਰੂਸ, ਫਰਾਂਸ, ਇਟਲੀ ਅਤੇ ਸਮੁੱਚੇ ਯੂਰੋਪ ਸਮੇਤ ਦੁਨੀਆ ਭਰ ਵਿੱਚ ਵੱਡੇ ਪੱਧਰ 'ਤੇ ਪ੍ਰਦਰਸ਼ਨ ਕੀਤਾ। ਡਾ. ਰਾਜਮ ਨੂੰ ਕਈ ਵੱਕਾਰੀ ਪੁਰਸਕਾਰਾਂ ਨਾਲ ਸਨਮਾਨਿਤ ਕੀਤਾ ਗਿਆ। ਹਿੰਦੁਸਤਾਨੀ ਸੰਗੀਤ ਦੇ ਲਈ ਉਨ੍ਹਾਂ ਨੂੰ ਵਰ੍ਹੇ 1984 ਵਿੱਚ ਪਦਮ ਸ਼੍ਰੀ, ਵਰ੍ਹੇ 2004 ਵਿੱਚ ਪਦਮ ਭੂਸ਼ਣ, ਵਰ੍ਹੇ 1990 ਵਿੱਚ ਸੰਗੀਤ ਨਾਟਕ ਅਕਾਦਮੀ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ।



## ਪਦਮ ਭੂਸ਼ਣ



### ਸ਼ਤਾਵਧਾਨੀ ਡਾ. ਆਰ. ਗਣੇਸ਼

ਸ਼ਤਾਵਧਾਨੀ ਡਾ. ਆਰ. ਗਣੇਸ਼ ਭਾਰਤ ਦੀ ਵਿਲੱਖਣ ਸ਼ਾਸਤਰੀ ਕਲਾ ਅਵਧਾਨ ਦੇ ਮਾਹਿਰ ਹਨ ਜਿਸ ਵਿੱਚ ਕਲਮ ਅਤੇ ਕਾਗਜ਼ ਦੀ ਮਦਦ ਤੋਂ ਬਿਨਾ ਤਤਕਾਲ ਛੰਦਾਂ ਦੇ ਨਾਲ ਵੱਖ-ਵੱਖ ਕਾਵਿਆਤਮਕ ਚੁਣੌਤੀਆਂ ਦਾ ਹੱਲ ਕਰਨਾ ਸ਼ਾਮਲ ਹੈ। ਇਹ ਸ਼ਿਖਰਲੇ ਪੱਧਰ 'ਤੇ ਕ੍ਰਿਏਟੀਵਿਟੀ ਅਤੇ ਸਕੌਲਰਸ਼ਿਪਸ ਨੂੰ ਪਰਖਦਾ ਹੈ। 4 ਦਸੰਬਰ 1962 ਨੂੰ ਕਰਨਾਟਕ ਦੇ ਕੋਲਾਰ ਵਿੱਚ ਪੈਦਾ ਹੋਏ ਡਾ. ਗਣੇਸ਼ ਨੇ ਮਕੈਨੀਕਲ ਇੰਜੀਨੀਅਰਿੰਗ ਵਿੱਚ ਗ੍ਰੈਜੂਏਟ ਦੀ ਡਿਗਰੀ, ਸੰਸਕ੍ਰਿਤ ਵਿੱਚ ਪੋਸਟ ਗ੍ਰੈਜੂਏਟ ਅਤੇ ਕੰਨੜ੍ਹ ਵਿੱਚ ਡੀ. ਲਿਟ ਦੀ ਉਪਾਧੀ ਪ੍ਰਾਪਤ ਕੀਤੀ। ਉਹ ਕਾਵਿ-ਸ਼ਾਸਤਰ, ਛੰਦ-ਸ਼ਾਸਤਰ, ਸਾਹਿਤ, ਦਰਸ਼ਨ ਅਤੇ ਸ਼ਾਸਤਰੀ ਕਲਾਵਾਂ ਦੇ ਮਾਹਿਰ ਹਨ। ਉਨ੍ਹਾਂ ਨੇ ਸਾਹਿਤ ਦੇ ਨਾਲ-ਨਾਲ ਸੰਗੀਤ, ਨ੍ਰਿਤ ਅਤੇ ਰੰਗ ਮੰਚ ਵਿੱਚ ਵੀ ਮਹੱਤਵਪੂਰਨ ਯੋਗਦਾਨ ਦਿੱਤਾ ਹੈ। ਕੰਨੜ੍ਹ ਵਿੱਚ ਉਨ੍ਹਾਂ ਦੇ 15,000 ਘੰਟਿਆਂ ਤੋਂ ਵੱਧ ਦੇ ਵਿਆਖਿਆਨ ਔਨਲਾਈਨ ਉਪਲਬਧ ਹਨ।



## ਪਦਮ ਭੂਸ਼ਣ



## ਭਗਤ ਸਿੰਘ ਕੋਸ਼ਿਆਰੀ

ਉੱਤਰਾਖੰਡ ਵਿੱਚ 'ਭਗਤ ਦਾ' ਦੇ ਨਾਮ ਨਾਲ ਪਛਾਣ ਰੱਖਣ ਵਾਲੇ ਭਗਤ ਸਿੰਘ ਕੋਸ਼ਿਆਰੀ ਇੱਕ ਪ੍ਰਸਿੱਧ ਸਮਾਜ ਸੇਵੀ, ਅਕਾਦਮਿਕ, ਪੱਤਰਕਾਰ ਅਤੇ ਰਾਸ਼ਟਰਵਾਦੀ ਨੇਤਾ ਹਨ। ਉਨ੍ਹਾਂ ਨੇ ਆਪਣਾ ਜੀਵਨ ਜਨ ਸੇਵਾ ਅਤੇ ਗ਼ਰੀਬ ਅਤੇ ਵੰਚਿਤ ਵਰਗਾਂ ਦੀ ਭਲਾਈ ਲਈ ਸਮਰਪਿਤ ਕੀਤਾ ਹੈ। 17 ਜੂਨ 1942 ਨੂੰ ਉੱਤਰਾਖੰਡ ਦੇ ਬਾਗੇਸ਼ਵਰ ਜ਼ਿਲ੍ਹੇ ਦੇ ਪਲਾਨਧੁਰਾ ਪਿੰਡ ਵਿੱਚ ਪੈਦਾ ਹੋਏ ਕੋਸ਼ਿਆਰੀ ਨੇ 1964 ਵਿੱਚ ਅੰਗਰੇਜ਼ੀ ਸਾਹਿਤ ਵਿੱਚ ਪੋਸਟ ਗ੍ਰੈਜੂਏਟ ਦੀ ਉਪਾਧੀ ਪ੍ਰਾਪਤ ਕੀਤੀ। ਉਨ੍ਹਾਂ ਨੇ ਆਪਣੇ ਕਰੀਅਰ ਦੀ ਸ਼ੁਰੂਆਤ ਲੈਕਚਰਾਰ ਦੇ ਰੂਪ ਵਿੱਚ ਕੀਤੀ, ਪਰ ਬਾਅਦ ਵਿੱਚ ਖੁਦ ਨੂੰ ਪੂਰਨ ਤੌਰ 'ਤੇ ਸਿੱਖਿਆ ਅਤੇ ਸਮਾਜ ਸੇਵਾ ਦੇ ਲਈ ਸਮਰਪਿਤ ਕਰ ਦਿੱਤਾ। 1997 ਵਿੱਚ ਉਹ ਉੱਤਰ ਪ੍ਰਦੇਸ਼ ਵਿਧਾਨ ਪ੍ਰੀਸ਼ਦ ਦੇ ਮੈਂਬਰ ਬਣੇ। ਉੱਤਰਾਖੰਡ ਰਾਜ ਦੇ ਗਠਨ ਤੋਂ ਬਾਅਦ ਉਹ ਰਾਜ ਦੇ ਪਹਿਲੀ ਕੈਬਨਿਟ ਵਿੱਚ ਕੈਬਨਿਟ ਮੰਤਰੀ ਅਤੇ ਬਾਅਦ ਵਿੱਚ ਮੁੱਖ ਮੰਤਰੀ ਬਣੇ। ਉਹ ਰਾਜ ਸਭਾ ਮੈਂਬਰ, ਲੋਕ ਸਭਾ ਮੈਂਬਰ, ਮਹਾਰਾਸ਼ਟਰ ਦੇ ਰਾਜਪਾਲ ਅਤੇ ਐਡੀਸ਼ਨਲ ਚਾਰਜ ਦੇ ਰੂਪ ਵਿੱਚ ਗੋਆ ਦੇ ਰਾਜਪਾਲ ਵੀ ਰਹੇ।



## ਪਦਮ ਸ਼੍ਰੀ

- ਹਰਿਮਾਧਵ ਮੁਖੋਪਾਧਿਆਏ (ਮਰਨ ਉਪਰੰਤ)
- ਡਾ. ਏ.ਈ. ਮੁਥੁਨਾਯਗਮ
- ਸੱਤਿਆਨਾਰਾਇਣ ਨੰਦਲਾਲ ਨੁਵਾਲ
- ਕੇ. ਪਜਾਨਿਵੇਲ
- ਧਾਰਮਿਕ ਲਾਲ ਚੁੰਨੀਲਾਲ ਪੰਡਯਾ
- ਕੈਲਾਸ਼ ਚੰਦ੍ਰ ਪੰਤ
- ਗਰਿਮੇਲਾ ਬਾਲਕ੍ਰਿਸ਼ਣ ਪ੍ਰਸਾਦ (ਮਰਨ ਉਪਰੰਤ)
- ਪ੍ਰੋਫੈਸਰ (ਡਾ.) ਰਾਜੇਂਦ੍ਰ ਪ੍ਰਸਾਦ
- ਡਾ. ਗੁਡੁਰੁ ਵੈਂਕਟ ਰਾਓ
- ਦੀਪਿਕਾ ਰੈੱਡੀ
- ਡਾ. ਪਾਲਕੋਂਡਾ ਵਿਜੈ ਆਨੰਦ ਰੈੱਡੀ
- ਹਰਿਚਰਣ ਸ਼ਈਕੀਆ
- ਪ੍ਰੋਫੈਸਰ ਵੇਮਪਟਿ ਕੁਟੁੰਬ ਸ਼ਾਸਤਰੀ
- ਪ੍ਰੋਫੈਸਰ ਸ਼ਫੀ ਸ਼ੌਕ
- ਬਲਦੇਵ ਸਿੰਘ
- ਯੁਮਨਾਮ ਜਾਤ੍ਰਾ ਸਿੰਘ (ਮਰਨ ਉਪਰੰਤ)
- ਡਾ. ਅਸ਼ੋਕ ਕੁਮਾਰ ਸਿੰਘ
- ਸ਼ਿਵ ਸ਼ੰਕਰੀ
- ਡਾ. ਆਰ. ਸ਼੍ਰੀਧਰ
- ਪ੍ਰੋ. ਸ਼ਯਾਮ ਸੁੰਦਰ
- ਡਾ. ਐੱਸ. ਜੀ. ਸੁਸ਼ੀਲੱਮਾ
- ਐੱਨ. ਸਵਾਮੀਨਾਦਨ
- ਡਾ. ਕੇਵਲ ਕ੍ਰਿਸ਼ਨ ਠਕਰਾਲ
- ਡਾ. ਗੋਪਾਲ ਜੀ ਤ੍ਰਿਵੇਦੀ (ਮਰਨ ਉਪਰੰਤ)
- ਅਰਵਿੰਦ ਵੈਧ
- ਪ੍ਰੋਫੈਸਰ ਜੁਜਰ ਵਾਸੀ
- ਡਾ. ਨਾਰਾਇਣ ਵਿਆਸ
- ਹੈਲੀ ਵਾਰ
- ਪ੍ਰੋਫੈਸਰ ਗੰਬੀਰ ਸਿੰਘ ਯੋਨਜਨ





## ਉਦੈ ਸੁਰੇਸ਼ ਕੁਮਾਰ ਕੋਟਕ

ਭਾਰਤ ਦੇ ਮੋਹਰੀ ਬੈਂਕਰਾਂ ਅਤੇ ਵਿੱਤੀ ਸੇਵਾ ਖੇਤਰਾਂ ਦੇ ਪਥ ਪ੍ਰਦਰਸ਼ਕਾਂ ਵਿੱਚੋਂ ਇੱਕ ਉਦੈ ਸੁਰੇਸ਼ ਕੁਮਾਰ ਕੋਟਕ ਨੇ ਭਾਰਤ ਦੇ ਪ੍ਰਮੁੱਖ ਨਿਜੀ ਬੈਂਕਾਂ ਵਿੱਚੋਂ ਇੱਕ ਦੇ ਨਿਰਮਾਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ। 15 ਮਾਰਚ 1959 ਨੂੰ ਪੈਦਾ ਹੋਏ ਕੋਟਕ ਨੇ 1985 ਵਿੱਚ ਕੋਟਕ ਮਹਿੰਦ੍ਰਾ ਫਾਈਨਾਂਸ ਲਿਮਿਟੇਡ ਦੀ ਸਥਾਪਨਾ ਕੀਤੀ। ਇਹ ਕੰਪਨੀ ਬਾਅਦ ਵਿੱਚ ਨਿਵੇਸ਼ ਬੈਂਕਿੰਗ, ਸਟਾਕ ਬ੍ਰੋਕਿੰਗ, ਬੀਮਾ, ਕਾਰ ਫਾਈਨਾਂਸ ਅਤੇ ਮਿਉਚੁਅਲ ਫੰਡ ਵਰਗੀਆਂ ਸੇਵਾਵਾਂ ਵਿੱਚ ਵਿਸਤ੍ਰਿਤ ਹੋਈ। ਮਾਰਚ 2003 ਵਿੱਚ ਇਹ ਕੋਟਕ ਮਹਿੰਦ੍ਰਾ ਬੈਂਕ ਬਣਿਆ, ਜੋ ਕਿ ਰਿਜ਼ਰਵ ਬੈਂਕ ਆਫ ਇੰਡੀਆ ਤੋਂ ਬੈਂਕਿੰਗ ਲਾਈਸੈਂਸ ਪ੍ਰਾਪਤ ਕਰਨ ਵਾਲੀ ਪਹਿਲੀ ਨੌਨ- ਬੈਂਕਿੰਗ ਫਾਈਨਾਂਸ ਕੰਪਨੀ ਸੀ। ਉਨ੍ਹਾਂ ਨੇ ਬੈਂਕ ਦਾ ਵਿਸਤਾਰ ਕੀਤਾ ਅਤੇ 2014 ਵਿੱਚ ਆਈਐੱਨਜੀ ਵਯਸਾ ਬੈਂਕ (ING Vysya Bank) ਦੇ ਏਕੀਕਰਣ ਦੇ ਜ਼ਰੀਏ ਇਸ ਦੀ ਸਥਿਤੀ ਨੂੰ ਹੋਰ ਮਜ਼ਬੂਤ ਬਣਾਇਆ। ਉਨ੍ਹਾਂ ਨੇ ਭਾਰਤ ਦੇ ਬੈਂਕਿੰਗ ਅਤੇ ਵਿੱਤੀ ਖੇਤਰ ਦੇ ਵਿਕਾਸ ਵਿੱਚ ਮਹੱਤਵਪੂਰਨ ਯੋਗਦਾਨ ਦਿੱਤਾ ਹੈ।



## ਡਾ. ਕੱਲਿਪੱਟੀ ਰਾਮਾਸਾਮੀ ਪਲਨਿਸਵਾਮੀ

ਡਾ. ਕੱਲਿਪੱਟੀ ਰਾਮਾਸਾਮੀ ਪਲਨਿਸਵਾਮੀ ਚਾਰ ਦਹਾਕਿਆਂ ਤੋਂ ਵੱਧ ਤਜ਼ਰਬੇ ਵਾਲੇ ਇੱਕ ਪ੍ਰਸਿੱਧ ਗੈਸਟ੍ਰੋਐਂਟਰੋਲੌਜਿਸਟ ਹਨ। 15 ਮਾਰਚ 1949 ਨੂੰ ਤਮਿਲ ਨਾਡੂ ਦੇ ਪਿੰਡ ਕੱਲਿਪੱਟੀ ਵਿੱਚ ਇੱਕ ਕਿਸਾਨ ਪਰਿਵਾਰ ਵਿੱਚ ਪੈਦਾ ਹੋਏ ਡਾ. ਪਲਾਨੀਸਵਾਮੀ ਨੇ 1972 ਵਿੱਚ ਮੈਸੂਰ ਯੂਨੀਵਰਸਿਟੀ ਤੋਂ ਐੱਮਬੀਬੀਐੱਸ ਦੀ ਡਿਗਰੀ ਪ੍ਰਾਪਤ ਕੀਤੀ। ਉਨ੍ਹਾਂ ਨੇ 1981 ਵਿੱਚ ਮਦਰਾਸ ਮੈਡੀਕਲ ਕਾਲਜ ਤੋਂ ਡੀਐੱਮ (ਗੈਸਟ੍ਰੋਐਂਟਰੋਲੌਜੀ ) ਦੀ ਉਪਾਧੀ ਪ੍ਰਾਪਤ ਕੀਤੀ। 1986 ਵਿੱਚ ਸਟੇਨਲੀ ਮੈਡੀਕਲ ਕਾਲਜ ਵਿੱਚ ਗੈਸਟ੍ਰੋਐਂਟਰੋਲੌਜੀ ਵਿਭਾਗ ਦੀ ਸਥਾਪਨਾ ਕੀਤੀ। ਸਾਲ 2000 ਤੱਕ ਉੱਤਰੀ ਚੇਂਨਈ ਦੇ ਗ਼ਰੀਬ ਲੋਕਾਂ ਦੀ ਸੇਵਾ ਕਰਦੇ ਹੋਏ ਵਿਭਾਗ ਦੇ ਮੁਖੀ ਅਤੇ ਪ੍ਰੋਫੈਸਰ ਦੇ ਰੂਪ ਵਿੱਚ ਕੰਮ ਕੀਤਾ। ਗ਼ਰੀਬ ਅਤੇ ਵੰਚਿਤ ਲੋਕਾਂ ਦੀ ਸੇਵਾ ਦੇ ਪ੍ਰਤੀ ਉਹ ਵਿਸ਼ੇਸ਼ ਤੌਰ 'ਤੇ ਸਮਰਪਿਤ ਰਹੇ ਹਨ। ਤਿੰਨ ਦਹਾਕਿਆਂ ਤੋਂ ਵੱਧ ਸਮੇਂ ਤੱਕ ਉਨ੍ਹਾਂ ਨੇ ਚੇਂਨਈ ਦੇ ਰਾਮਕ੍ਰਿਸ਼ਣ ਮਠ ਹਸਪਤਾਲ ਵਿੱਚ ਸਵੈ-ਇੱਛੁਕ ਸੇਵਾਵਾਂ ਦਿੱਤੀਆਂ। ਉਨ੍ਹਾਂ ਨੇ ਆਪਣੇ ਪਿੰਡ ਕੱਲਿਪੱਟੀ ਵਿੱਚ ਹੈਲਥ ਕੈਂਪ ਲਗਾਏ। ਨਾਲ ਹੀ ਪਿੰਡ ਵਿੱਚ ਪੁਲ਼, ਬਿਜਲੀ ਸਬ-ਸਟੇਸ਼ਨ, ਮੁੱਢਲੇ ਸਿਹਤ ਕੇਂਦਰ ਦੇ ਨਵੇਂ ਭਵਨ ਅਤੇ ਭੂ-ਜਲ ਵਿੱਚ ਸੁਧਾਰ ਲਈ ਚੈੱਕ- ਡੈਮ ਵਰਗੀਆਂ ਬੁਨਿਆਦੀ ਸਹੂਲਤਾਂ ਦੇ ਵਿਕਾਸ ਵਿੱਚ ਯੋਗਦਾਨ ਦਿੱਤਾ। ਮੈਡੀਕਲ ਸੈਕਟਰ ਵਿੱਚ ਉਨ੍ਹਾਂ ਦੇ ਯੋਗਦਾਨ ਦੇ ਲਈ ਉਨ੍ਹਾਂ ਨੂੰ 2007 ਵਿੱਚ ਪਦਮ ਸ਼੍ਰੀ ਨਾਲ ਸਨਮਾਨਿਤ ਕੀਤਾ ਗਿਆ ਸੀ।







## ਪ੍ਰੋਫੈਸਰ ਵਿਜੈ ਕੁਮਾਰ ਮਲਹੋਤਰਾ (ਮਰਨ ਉਪਰੰਤ)

ਪ੍ਰੋਫੈਸਰ ਵਿਜੈ ਕੁਮਾਰ ਮਲਹੋਤਰਾ ਇੱਕ ਪ੍ਰਸਿੱਧ ਭਾਰਤੀ ਰਾਜਨੀਤਿਕ ਨੇਤਾ, ਸਿੱਖਿਅਕ ਅਤੇ ਖੇਡ ਪ੍ਰਸ਼ਾਸਕ ਸਨ। 3 ਦਸੰਬਰ, 1931 ਨੂੰ ਲਾਹੌਰ ਵਿੱਚ ਪ੍ਰੋਫੈਸਰ ਮਲਹੋਤਰਾ ਦਾ ਜਨਮ ਹੋਇਆ। ਉਨ੍ਹਾਂ ਨੇ ਹਿੰਦੀ ਸਾਹਿਤ ਵਿੱਚ ਉੱਚ ਸਿੱਖਿਆ ਪ੍ਰਾਪਤ ਕੀਤੀ ਅਤੇ ਕਵੀ ਸੋਹਨ ਲਾਲ ਦ੍ਵਿਵੇਦੀ ਬਾਰੇ ਪੀਐੱਚ. ਡੀ ਕੀਤੀ। ਲਗਭਗ 36 ਵਰ੍ਹਿਆਂ ਤੱਕ ਉਨ੍ਹਾਂ ਨੇ ਦਿੱਲੀ ਦੇ ਪੀਜੀਡੀਏਵੀ ਕਾਲਜ ਵਿੱਚ ਪੜ੍ਹਾਈ ਕੀਤੀ। ਉਹ ਰਾਸ਼ਟਰੀਯ ਸਵਯਮ- ਸੇਵਕ ਸੰਘ (ਆਰਐੱਸਐੱਸ) ਅਤੇ ਅਖਿਲ ਭਾਰਤੀਯ ਵਿਦਿਆਰਥੀ ਪ੍ਰੀਸ਼ਦ (ਏਬੀਵੀਪੀ) ਨਾਲ ਜੁੜੇ ਰਹੇ ਅਤੇ ਰਾਜਨੀਤੀ ਵਿੱਚ ਸਰਗਰਮ ਹੋਏ। 1967 ਵਿੱਚ ਸਿਰਫ਼ 35 ਵਰ੍ਹਿਆਂ ਦੀ ਉਮਰ ਵਿੱਚ ਦਿੱਲੀ ਦੇ ਸਭ ਤੋਂ ਯੁਵਾ ਮੁੱਖ ਕਾਰਜਕਾਰੀ ਕੌਂਸਲਰ ਬਣੇ। ਉਹ ਪੰਜ ਵਾਰ ਸੰਸਦ ਮੈਂਬਰ ਅਤੇ ਦੋ ਵਾਰ ਵਿਧਾਇਕ ਰਹੇ। 1999 ਵਿੱਚ ਉਨ੍ਹਾਂ ਨੇ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੂੰ ਚੋਣਾਂ ਵਿੱਚ ਹਰਾਇਆ ਸੀ। ਖੇਡ ਪ੍ਰਸ਼ਾਸਨ ਵਿੱਚ ਵੀ ਉਨ੍ਹਾਂ ਦਾ ਯੋਗਦਾਨ ਬਹੁਤ ਮਹੱਤਵਪੂਰਨ ਰਿਹਾ। ਉਹ ਭਾਰਤੀ ਤੀਰਅੰਦਾਜੀ ਸੰਘ ਦੇ ਪ੍ਰਧਾਨ ਰਹੇ ਅਤੇ ਇਸ ਖੇਡ ਨੂੰ ਅੰਤਰਰਾਸ਼ਟਰੀ ਪੱਧਰ 'ਤੇ ਪਛਾਣ ਦਿਲਵਾਈ। ਆਵਾਸ, ਸਿੱਖਿਆ, ਖੇਡ ਅਤੇ ਝੁੱਗੀ ਮੁੜ-ਬਸੇਵੇ ਵਰਗੇ ਖੇਤਰਾਂ ਵਿੱਚ ਉਨ੍ਹਾਂ ਦੇ ਯੋਗਦਾਨ ਨੇ ਦਿੱਲੀ ਦੇ ਵਿਕਾਸ 'ਤੇ ਡੂੰਘੀ ਛਾਪ ਛੱਡੀ। 30 ਸਤੰਬਰ 2025 ਨੂੰ ਉਨ੍ਹਾਂ ਦਾ ਦੇਹਾਂਤ ਹੋ ਗਿਆ।

## ਪੀਯੂਸ਼ ਪਾਂਡੇ (ਮਰਨ ਉਪਰੰਤ)

ਪੀਯੂਸ਼ ਪਾਂਡੇ ਭਾਰਤੀ ਵਿਗਿਆਪਨ ਜਗਤ ਦੀ ਸਭ ਤੋਂ ਪ੍ਰਭਾਵਸ਼ਾਲੀ ਸ਼ਖ਼ਸੀਅਤਾਂ ਵਿੱਚੋਂ ਇੱਕ ਸਨ। ਉਨ੍ਹਾਂ ਨੇ ਭਾਰਤੀ ਵਿਗਿਆਪਨ ਉਦਯੋਗ ਨੂੰ ਨਵੀਂ ਦਿਸ਼ਾ ਦਿੱਤੀ। ਆਪਣੀ ਰਚਨਾਤਮਕਤਾ, ਰਣਨੀਤਕ ਦ੍ਰਿਸ਼ਟੀ ਅਤੇ ਸੱਭਿਆਚਾਰਕ ਸਮਝ ਦੇ ਜ਼ਰੀਏ ਇਸ ਖੇਤਰ ਵਿੱਚ ਅਮਿਟ ਪ੍ਰਭਾਵ ਛੱਡਿਆ। 5 ਸਤੰਬਰ 1955 ਨੂੰ ਪੈਦਾ ਹੋਏ ਪਾਂਡੇ ਨੇ ਆਪਣੇ ਕਰੀਅਰ ਵਿੱਚ ਕਈ ਇਤਿਹਾਸਕ ਵਿਗਿਆਪਨ ਅਭਿਆਨ ਚਲਾਏ। ਪੋਲੀਓ ਦੇ ਖਾਤਮੇ ਦੇ ਲਈ 'ਦੋ ਬੂੰਦ ਜ਼ਿੰਦਗੀ ਕੀ' ਅਤੇ 'ਮਿਲੇ ਸੁਰ ਮੇਰਾ ਤੁਮ੍ਹਾਰਾ' ਵਰਗੇ ਅਭਿਆਨ ਸਿਰਫ਼ ਵਿਗਿਆਪਨ ਨਹੀਂ ਸਨ, ਸਗੋਂ ਸੱਭਿਆਚਾਰਕ ਪ੍ਰਤੀਕ ਬਣ ਗਏ। ਉਨ੍ਹਾਂ ਦੀ ਰਚਨਾਤਮਕ ਸਮਰੱਥਾ ਨੇ ਭਾਰਤੀ ਵਿਗਿਆਪਨ ਉਦਯੋਗ ਨੂੰ ਨਵੀਂ ਪਛਾਣ ਦਿੱਤੀ। ਉਨ੍ਹਾਂ ਨੂੰ 2016 ਵਿੱਚ ਪਦਮ ਸ਼੍ਰੀ ਨਾਲ ਸਨਮਾਨਿਤ ਕੀਤਾ ਗਿਆ। 24 ਅਕਤੂਬਰ 2025 ਨੂੰ ਉਨ੍ਹਾਂ ਦਾ ਦੇਹਾਂਤ ਹੋ ਗਿਆ। ਉਨ੍ਹਾਂ ਦਾ ਕੰਮ ਅਤੇ ਦ੍ਰਿਸ਼ਟੀਕੋਣ ਆਉਣ ਵਾਲੀਆਂ ਪੀੜ੍ਹੀਆਂ ਨੂੰ ਪ੍ਰੇਰਿਤ ਕਰਦਾ ਰਹੇਗਾ। ਉਹ ਭਾਰਤੀ ਵਿਗਿਆਪਨ ਜਗਤ ਦੇ ਇੱਕ ਸੱਚੇ ਮੋਢੀ ਦੇ ਰੂਪ ਵਿੱਚ ਹਮੇਸ਼ਾ ਯਾਦ ਕੀਤੇ ਜਾਣਗੇ।



ਪ੍ਰਧਾਨ ਮੰਤਰੀ ਦਾ ਪੂਰਾ ਪ੍ਰੋਗਰਾਮ ਦੇਖਣ ਦੇ ਲਈ QR ਕੋਡ ਸਕੈਨ ਕਰੋ।

# ਯੂਰੋਪ ਤੋਂ ਖਾੜੀ ਤੱਕ : ਭਾਰਤ ਦੀ ਵਧਦੀ ਆਲਮੀ ਤਾਕਤ ਦਾ ਪ੍ਰਦਰਸ਼ਨ

*ਆਲਮੀ ਮੰਚ 'ਤੇ ਭਾਰਤ ਦੀ ਵਧ ਰਹੀ ਭੂਮਿਕਾ ਅਤੇ ਬਦਲਦੇ ਭੂ- ਰਾਜਨੀਤਿਕ ਸਮੀਕਰਣਾਂ ਦੇ ਦਰਮਿਆਨ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਸੰਯੁਕਤ ਅਰਬ ਅਮੀਰਾਤ, ਨੀਦਰਲੈਂਡ, ਸਵੀਡਨ, ਨਾਰਵੇ ਅਤੇ ਇਟਲੀ ਦੀ ਯਾਤਰਾ ਭਾਰਤ ਦੀ ਨਵੀਂ ਆਲਮੀ ਰਣਨੀਤੀ ਦਾ ਸਸ਼ਕਤ ਪ੍ਰਦਰਸ਼ਨ ਹੈ। ਊਰਜਾ ਸੁਰੱਖਿਆ ਤੋਂ ਲੈ ਕੇ ਗ੍ਰੀਨ ਟੈਕਨੋਲੋਜੀ, ਰੱਖਿਆ ਸਹਿਯੋਗ, ਨਿਵੇਸ਼, ਨਵੀਨਤਾ ਅਤੇ ਕੂਟਨੀਤਕ ਸਾਂਝੇਦਾਰੀ ਤੱਕ, ਇਸ ਦੌਰੇ ਨੇ ਭਾਰਤ ਦੇ ਬਹੁ-ਆਯਾਮੀ ਹਿਤਾਂ ਨੂੰ ਨਵੀਂ ਗਤੀ ਦਿੱਤੀ। ਇਹ ਯਾਤਰਾ ਅਜਿਹੇ ਸਮੇਂ ਵਿੱਚ ਹੋਈ ਜਦੋਂ ਦੁਨੀਆ ਨਵੇਂ ਸ਼ਕਤੀ ਸੰਤੁਲਨ ਵੱਲ ਵਧ ਰਹੀ ਹੈ ਅਤੇ ਭਾਰਤ ਖੁਦ ਨੂੰ ਇੱਕ ਭਰੋਸੇਮੰਦ, ਨਿਰਣਾਇਕ ਅਤੇ ਵਿਕਾਸ ਮੁਖੀ ਆਲਮੀ ਸਾਂਝੇਦਾਰ ਦੇ ਰੂਪ ਵਿੱਚ ਕਰ ਰਿਹਾ ਹੈ ਸਥਾਪਿਤ...*

ਪੰਜ ਦੇਸ਼ਾਂ ਦੀ ਯਾਤਰਾ ਦੇ ਦੌਰਾਨ (15 ਤੋਂ 20 ਮਈ) ਪ੍ਰਧਾਨ ਮੰਤਰੀ ਨਰੇਂਦਰ ਮੋਦੀ ਅਤੇ ਉਨ੍ਹਾਂ ਦੇ ਹਮਰੁਤਬਾ ਨੇਤਾਵਾਂ ਦੇ ਦਰਮਿਆਨ ਦੁਵੱਲੇ ਅਤੇ ਆਲਮੀ ਮੁੱਦਿਆਂ 'ਤੇ ਵਿਸਤਾਰ ਨਾਲ ਚਰਚਾ ਹੋਈ। ਬਦਲਦੇ ਗਲੋਬਲ ਲੈਂਡਸਕੇਪ ਵਿੱਚ ਉੱਚ –ਪੱਧਰੀ ਚਰਚਾਵਾਂ ਵਿੱਚ ਭਾਰਤੀ ਦੇ ਆਰਥਿਕ, ਕੂਟਨੀਤਕ ਅਤੇ ਆਲਮੀ ਹਿਤਾਂ ਨੂੰ ਕੇਂਦਰ ਵਿੱਚ ਰੱਖਿਆ ਗਿਆ। ਇਨ੍ਹਾਂ ਬੈਠਕਾਂ ਵਿੱਚ ਊਰਜਾ ਸੁਰੱਖਿਆ, ਹਰਿਤ ਵਿਕਾਸ, ਰੱਖਿਆ ਸਹਿਯੋਗ, ਤਕਨੀਕੀ ਨਵੀਨਤਾ, ਡਿਜੀਟਲ ਸਾਂਝੇਦਾਰੀ, ਜਲ ਪ੍ਰਬੰਧਨ, ਨਿਵੇਸ਼ ਅਤੇ ਵਪਾਰ ਵਿਸਤਾਰ ਵਰਗੇ ਵਿਸ਼ਿਆਂ 'ਤੇ ਵਿਆਪਕ ਚਰਚਾ ਹੋਈ।

ਯੂਏਈ ਦੇ ਨਾਲ ਜਿੱਥੇ ਊਰਜਾ ਅਤੇ ਨਿਵੇਸ਼ ਸਬੰਧਾਂ ਨੂੰ ਨਵੀਂ ਮਜ਼ਬੂਤੀ ਮਿਲੀ ਉੱਥੇ ਹੀ ਯੂਰੋਪੀਅਨ ਦੇਸ਼ਾਂ ਦੇ ਨਾਲ ਭਾਰਤ ਨੇ ਭਰੋਸੇਮੰਦ ਸਾਂਝੇਦਾਰ ਦੇ ਤੌਰ 'ਤੇ ਆਪਣੀ ਭੂਮਿਕਾ ਨੂੰ ਹੋਰ ਮਜ਼ਬੂਤ ਕੀਤਾ। ਇਸ ਯਾਤਰਾ ਨੇ 'ਵਿਕਸਿਤ ਭਾਰਤ' ਦੇ ਵਿਜ਼ਨ ਨੂੰ ਵਿਸ਼ਵ ਵਿਵਸਥਾ ਵਿੱਚ ਭਾਰਤ ਦੀ ਵਧਦੀ ਪ੍ਰਭਾਵਸ਼ੀਲਤਾ ਅਤੇ ਅਗਵਾਈ ਸਮਰੱਥਾ ਨੂੰ ਵੀ ਰੇਖਾਂਕਿਤ ਕੀਤਾ।

## ਭਾਰਤ- ਸੰਯੁਕਤ ਅਰਬ ਅਮੀਰਾਤ ਸਬੰਧ

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਅਤੇ ਸੰਯੁਕਤ ਅਰਬ ਅਮੀਰਾਤ ਦੇ ਰਾਸ਼ਟਰਪਤੀ ਮੋਹੰਮਦ ਬਿਨ ਜਾਯਦ ਅਲ ਨਾਹਯਾਨ ਦੇ ਦਰਮਿਆਨ ਵਿਸਤ੍ਰਿਤ ਗੱਲਬਾਤ ਹੋਈ। ਪ੍ਰਧਾਨ ਮੰਤਰੀ ਮੋਦੀ ਨੇ ਯੂਏਈ 'ਤੇ ਹੋਏ ਹਮਲਿਆਂ ਦੀ ਨਿੰਦਾ ਕੀਤੀ ਅਤੇ ਭਾਰਤ ਦੇ ਨਾਲ ਖੜ੍ਹੇ ਰਹਿਣ ਦੀ ਵਚਨਬੱਧਤਾ ਪ੍ਰਗਟ ਕੀਤੀ। ਭਾਰਤ ਨੇ ਸਟ੍ਰੇਟ ਆਫ ਹੋਰਮੁਜ਼ ਵਿੱਚ ਸੁਰੱਖਿਅਤ ਆਵਾਜਾਈ ਅਤੇ ਨਿਰਵਿਘਨ ਸਮੁੰਦਰੀ ਮਾਰਗ ਬਣਾਈ ਰੱਖਣ ਦੀ ਜ਼ਰੂਰਤ 'ਤੇ ਜ਼ੋਰ ਦਿੱਤਾ। ਭਾਰਤ ਦਾ ਮੰਨਣਾ ਹੈ ਕਿ ਇਹ ਖੇਤਰੀ ਸ਼ਾਂਤੀ ਸਥਿਰਤਾ ਅਤੇ ਖੁਰਾਕ ਸੁਰੱਖਿਆ ਦੇ ਲਈ ਬਹੁਤ ਜ਼ਰੂਰੀ ਹੈ।

ਦੋਵੇਂ ਨੇਤਾਵਾਂ ਨੇ ਭਾਰਤ –ਯੂਏਈ ਊਰਜਾ ਸਾਂਝੇਦਾਰੀ ਦੇ ਲਗਾਤਾਰ ਮਜ਼ਬੂਤ ਹੋਣ 'ਤੇ ਸੰਤੁਸ਼ਟੀ ਪ੍ਰਗਟ ਕੀਤੀ ਅਤੇ ਇਸ ਨੂੰ ਅੱਗੇ ਵਧਾਉਣ ਦੇ ਲਈ ਨਵੀਂ ਪਹਿਲ ਕਰਨ 'ਤੇ ਸਹਿਮਤੀ ਵਿਅਕਤ ਕੀਤੀ। ਇਸੇ ਕ੍ਰਮ ਵਿੱਚ ਇੰਡੀਅਨ ਸਟ੍ਰੈਟੇਜਿਕ ਪੈਟਰੋਲੀਅਮ ਰਿਜ਼ਰਵਸ ਲਿਮਿਟੇਡ (ਆਈਐੱਸਪੀਆਰਐੱਲ) ਅਤੇ ਆਬੂ ਧਾਬੀ ਨੈਸ਼ਨਲ ਆਇਲ ਕੰਪਨੀ ਦੇ ਦਰਮਿਆਨ ਰਣਨੀਤਕ ਸਹਿਯੋਗ ਸਮਝੌਤੇ ਦਾ ਵੀ ਸੁਆਗਤ ਕੀਤਾ ਗਿਆ। ਇਸ ਦੇ ਤਹਿਤ ਭਾਰਤ ਦੇ ਰਣਨੀਤਕ ਪੈਟਰੋਲੀਅਮ ਭੰਡਾਰ ਵਿੱਚ ਯੂਏਈ ਦੀ ਹਿੱਸੇਦਾਰੀ ਵਧਾ ਕੇ 3 ਕਰੋੜ ਬੈਰਲ ਕੀਤੀ ਜਾਵੇਗੀ। ਨਾਲ ਹੀ, ਦੋਵੇਂ ਦੇਸ਼ ਭਾਰਤ ਵਿੱਚ ਰਣਨੀਤਕ ਗੈਸ ਭੰਡਾਰ ਸਥਾਪਿਤ ਕਰਨ ਦੇ ਲਈ ਮਿਲ ਕੇ ਕੰਮ ਕਰਨਗੇ। ਦੋਵੇਂ ਨੇਤਾਵਾਂ ਨੇ ਯੂਏਈ ਦੀਆਂ ਕੰਪਨੀਆਂ ਦੁਆਰਾ ਭਾਰਤ ਵਿੱਚ 5 ਅਰਬ ਡਾਲਰ ਦੇ ਨਿਵੇਸ਼ ਦਾ ਐਲਾਨ ਦਾ ਸੁਆਗਤ ਵੀ ਕੀਤਾ। ਇਸ ਵਿੱਚ ਅਮੀਰਾਤ ਨਿਊ ਡਿਵੈਲਪਮੈਂਟ ਬੈਂਕ ਦੁਆਰਾ ਆਰਬੀਐੱਲ ਬੈਂਕ ਵਿੱਚ 3 ਅਰਬ ਡਾਲਰ, ਆਬੂ ਧਾਬੀ ਇਨਵੈਸਟਮੈਂਟ ਅਥਾਰਿਟੀ ਦੁਆਰਾ ਰਾਸ਼ਟਰੀ ਨਿਵੇਸ਼ ਅਤੇ ਇਨਫ੍ਰਾਸਟ੍ਰਕਚਰਲ ਫੰਡ ਦੇ ਨਾਲ 1 ਅਰਬ ਡਾਲਰ ਅਤੇ ਇੰਟਰਨੈਸ਼ਨਲ ਹੋਲਡਿੰਗ ਕੰਪਨੀ ਦੁਆਰਾ ਸਨਮਾਨ ਕੈਪੀਟਲ ਵਿੱਚ 1 ਅਰਬ ਡਾਲਰ ਦਾ ਨਿਵੇਸ਼ ਸ਼ਾਮਲ ਹੈ।

## ਭਾਰਤ- ਇਟਲੀ

ਇਟਲੀ ਦੇ ਪ੍ਰਧਾਨ ਮੰਤਰੀ ਜੌਰਜੀਆ ਮੈਲੋਨੀ ਦੇ ਸੱਦੇ 'ਤੇ, ਭਾਰਤ ਦੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਇਸ ਯਾਤਰਾ ਨੇ ਦੁਵੱਲੇ ਸਬੰਧਾਂ ਨੂੰ ਨਵੀਂ ਗਤੀ ਪ੍ਰਦਾਨ ਕੀਤੀ। ਦੋਵੇਂ ਨੇਤਾਵਾਂ ਨੇ ਭਾਰਤ- ਇਟਲੀ ਸਬੰਧਾਂ ਨੂੰ 'ਵਿਸ਼ੇਸ਼ ਰਣਨੀਤਕ ਸਾਂਝੇਦਾਰੀ' ਦੇ ਪੱਧਰ ਤੱਕ ਵਧਾਉਣ ਦਾ ਫ਼ੈਸਲਾ ਲਿਆ। ਨਾਲ ਹੀ ਰਾਜਨੀਤਿਕ ਸੰਵਾਦ, ਆਰਥਿਕ ਸਹਿਯੋਗ ਅਤੇ ਨਿਵੇਸ਼ ਕਨੈਕਟੀਵਿਟੀ, ਵਿਗਿਆਨ, ਤਕਨਾਲੋਜੀ, ਨਵੀਨਤਾ, ਸਟਾਰਟਅੱਪਸ ਅਤੇ ਆਰਟੀਫਿਸ਼ੀਅਲ ਇੰਟੈਲੀਜੈਂਸ, ਸੁਪਰ ਕੰਪਿਊਟਿੰਗ, ਪੁਲਾੜ, ਰੱਖਿਆ, ਸੁਰੱਖਿਆ, ਸੱਭਿਆਚਾਰਕ ਅਤੇ ਸਿੱਖਿਆ ਸਬੰਧੀ ਅਦਾਨ-ਪ੍ਰਦਾਨ ਵਰਗੇ ਵਿਸ਼ਿਆਂ 'ਤੇ ਮਿਲ ਕੇ ਕੰਮ ਕਰਨ ਦਾ ਫ਼ੈਸਲਾ ਕੀਤਾ ਹੈ।

ਦੋਵੇਂ ਨੇਤਾਵਾਂ ਨੇ ਸੰਯੁਕਤ ਰਾਸ਼ਟਰ ਨੂੰ ਮੌਜੂਦਾ ਆਲਮੀ ਵਾਸਤਵਿਕਤਾਵਾਂ ਦੇ ਅਨੁਸਾਰ ਬਣਾਉਣ ਲਈ ਉਸ ਵਿੱਚ ਤੁਰੰਤ ਸੁਧਾਰ ਦੀ ਜ਼ਰੂਰਤ 'ਤੇ ਜ਼ੋਰ ਦਿੱਤਾ। ਸਟ੍ਰੇਟ ਆਫ ਹੋਰਮੁਜ਼ ਦੇ ਜ਼ਰੀਏ ਨੈਵੀਗੇਸ਼ਨ ਦੀ ਸੁਤੰਤਰਤਾ ਅਤੇ ਗਲੋਬਲ ਸਪਲਾਈ ਦੇ ਸਧਾਰਣ ਪ੍ਰਵਾਹ ਨੂੰ ਮੁੜ ਤੋਂ ਸ਼ੁਰੂ ਕਰਨ ਦਾ ਵੀ ਦੋਵੇਂ ਨੇਤਾਵਾਂ ਨੇ ਸੱਦਾ ਦਿੱਤਾ। ਦੋਵੇਂ ਨੇਤਾਵਾਂ ਨੇ ਵਰ੍ਹੇ 2029 ਤੱਕ ਦੁਵੱਲੇ ਵਪਾਰ ਨੂੰ 20 ਅਰਬ ਯੂਰੋ ਤੱਕ ਵਿਸਤ੍ਰਿਤ ਕਰਨ ਦਾ ਟੀਚਾ ਤੈਅ ਕੀਤਾ । ਵਰ੍ਹੇ 2027 ਨੂੰ 'ਭਾਰਤ ਅਤੇ ਇਟਲੀ ਦੇ ਦਰਮਿਆਨ ਸੱਭਿਆਚਾਰ ਅਤੇ ਸੈਰ- ਸਪਾਟਾ ਵਰ੍ਹੇ' ਦੇ ਰੂਪ ਵਿੱਚ ਮਨਾਉਣ 'ਤੇ ਵੀ ਸਹਿਮਤੀ ਬਣੀ।



ਪ੍ਰਧਾਨ ਮੰਤਰੀ ਦਾ ਪੂਰਾ ਪ੍ਰੋਗਰਾਮ ਦੇਖਣ ਦੇ ਲਈ QR ਕੋਡ ਸਕੈਨ ਕਰੋ।

## ਭਾਰਤ- ਡੈਂਨਮਾਰਕ ਦੁਵੱਲੇ ਸਹਿਯੋਗ

ਓਸਲੋ ਵਿੱਚ ਭਾਰਤ-ਨੌਰਡਿਕ ਤੀਜੇ ਸ਼ਿਖਰ ਸੰਮੇਲਨ ਦੇ ਦੌਰਾਨ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਅਤੇ ਡੈਂਨਮਾਰਕ ਦੇ ਕਾਰਜਵਾਹਕ ਪ੍ਰਧਾਨ ਮੰਤਰੀ ਮੇਟੇ ਨੇ ਦੁਵੱਲੇ

# ਦ ਰੌਇਲ ਨਾਰਵੇ ਆਰਡਰ ਆਫ ਮੈਰਿਟ ਦੇ ਗ੍ਰੈਂਡ ਕਰੌਸ ਨਾਲ ਸਨਮਾਨਿਤ



- ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੂੰ ਨਾਰਵੇ ਦੇ ਸਮਰਾਟ ਹੇਰਾਲਡ ਪੰਚਮ ਨੇ ਓਸਲੋ ਵਿਖੇ ਆਯੋਜਿਤ ਇੱਕ ਵਿਸ਼ੇਸ਼ ਸਮਾਰੋਹ ਵਿੱਚ 'ਦ ਰੌਇਲ ਨਾਰਵੇ ਆਰਡਰ ਆਫ ਮੈਰਿਟ ਦੇ ਗ੍ਰੈਂਡ ਕਰੌਸ' ਨਾਲ ਸਨਮਾਨਿਤ ਕੀਤਾ।
- ਵਿਦੇਸ਼ੀ ਰਾਜ ਦੇ ਪ੍ਰਧਾਨਾਂ (ਹੈੱਡਜ਼ ਆਫ ਸਟੇਟ) ਨੂੰ ਪ੍ਰਦਾਨ ਕੀਤਾ ਜਾਣ ਵਾਲਾ ਇਹ ਨਾਰਵੇ ਦਾ ਸਰਬਉੱਚ ਸਨਮਾਨ ਹੈ। ਇਹ ਸਨਮਾਨ ਨਾਰਵੇ ਅਤੇ ਮਨੁੱਖਤਾ ਦੇ ਹਿਤ ਵਿੱਚ ਉੱਤਮ ਸੇਵਾ ਦੇ ਲਈ ਪ੍ਰਦਾਨ ਕੀਤਾ ਜਾਂਦਾ ਹੈ।
- ਪ੍ਰਧਾਨ ਮੰਤਰੀ ਮੋਦੀ ਨੇ ਇਸ ਸਨਮਾਨ ਨੂੰ ਭਾਰਤ ਅਤੇ ਨਾਰਵੇ ਦੇ ਦਰਮਿਆਨ ਇਤਿਹਾਸਕ ਮਿੱਤਰਤਾ ਨੂੰ ਸਮਰਪਿਤ ਕਰਦੇ ਹੋਏ ਭਾਰਤ ਅਤੇ ਨਾਰਵੇ ਦੀ ਜਨਤਾ ਦੇ ਦਰਮਿਆਨ ਸਾਂਝੀ ਕੀਤੀ ਗਈ ਅਟੁੱਟ ਗਰਮਜੋਸ਼ੀ, ਭਰੋਸੇ ਅਤੇ ਪਿਆਰ ਦੇ ਪ੍ਰਤੀ ਸ਼ਰਧਾਂਜਲੀ ਦੱਸਿਆ।

ਪ੍ਰਧਾਨ ਮੰਤਰੀ ਦਾ ਪੂਰਾ ਪ੍ਰੋਗਰਾਮ ਦੇਖਣ ਦੇ ਲਈ QR ਕੋਡ ਸਕੈਨ ਕਰੋ।

ਸਹਿਯੋਗ ਦੀ ਸਮੀਖਿਆ ਕੀਤੀ। ਦੋਵੇਂ ਦੇਸ਼ਾਂ ਨੇ ਹਰਿਤ ਰਣਨੀਤਕ ਸਾਂਝੇਦਾਰੀ ਵਿੱਚ ਹੋਈ ਤਰੱਕੀ ਦਾ ਸੁਆਗਤ ਕੀਤਾ ਜੋ ਵਾਤਾਵਰਣ ਅਤੇ ਜਲਵਾਯੂ ਤਬਦੀਲੀ ਦੇ ਖੇਤਰ ਵਿੱਚ ਸਹਿਯੋਗ ਨੂੰ ਤਰਜੀਹ ਦਿੰਦੀ ਹੈ। ਦੋਵੇਂ ਦੇਸ਼ਾਂ ਨੇ ਨਵੀਆਂ ਅਤੇ ਉੱਭਰ ਰਹੀਆਂ ਤਕਨਾਲੋਜੀਆਂ, ਸੰਚਾਰ, ਉੱਨਤ ਖੋਜ, ਸਟਾਰਟਅੱਪਸ ਅਤੇ ਅਕਾਦਮਿਕ ਅਦਾਨ-ਪ੍ਰਦਾਨ ਵਿੱਚ ਸਹਿਯੋਗ ਨੂੰ ਹੋਰ ਮਜ਼ਬੂਤ ਕਰਨ ਦਾ ਫੈਸਲਾ ਕੀਤਾ। ਜਲ ਖੇਤਰ ਵਿੱਚ ਦੋਵੇਂ ਨੇਤਾਵਾਂ ਨੇ ਵਾਰਾਣਸੀ ਵਿੱਚ ਸਵੱਛ ਨਦੀਆਂ 'ਤੇ ਸਮਾਰਟ ਲੈਬਸ ਦੀ ਸਥਾਪਨਾ ਦੇ ਲਈ ਭਾਰਤ ਅਤੇ ਡੈਨਮਾਰਕ ਦੇ ਦਰਮਿਆਨ ਸਫਲ ਸਹਿਯੋਗ ਦਾ ਜ਼ਿਕਰ ਕੀਤਾ।

## ਭਾਰਤ- ਨਾਰਵੇ ਦੇ ਦਰਮਿਆਨ ਦੁਵੱਲੀ ਗੱਲਬਾਤ

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਓਸਲੋ ਵਿੱਚ ਨਾਰਵੇ ਦੇ ਪ੍ਰਧਾਨ ਮੰਤਰੀ ਜੋਨਾਸ ਗਹਿਰ ਸਟੋਰ ਦੇ ਨਾਲ ਦੁਵੱਲੀ ਗੱਲਬਾਤ ਕੀਤੀ। ਦੋਵੇਂ ਨੇਤਾਵਾਂ ਨੇ ਭਾਰਤ-ਨਾਰਵੇ ਸਬੰਧਾਂ ਦੀ ਸਮੀਖਿਆ ਕੀਤੀ। ਦੋਵੇਂ ਦੇਸ਼ਾਂ ਦੇ ਦਰਮਿਆਨ ਵਪਾਰ ਅਤੇ ਨਿਵੇਸ਼, ਆਰਥਿਕ ਸਾਂਝੇਦਾਰੀ ਸਮਝੌਤੇ, ਊਰਜਾ ਤਬਦੀਲੀ, ਬਲੂ ਇਕੌਨਮੀ ਅਤੇ ਓਸ਼ਨ ਗਵਰਨੈਂਸ, ਖੋਜ ਅਤੇ ਉੱਚ ਸਿੱਖਿਆ, ਆਰਕਟਿਕ ਅਤੇ ਧਰੁਵੀ ਸਹਿਯੋਗ, ਪੁਲਾੜ ਅਤੇ ਟੈਲੰਟ ਮੋਬੀਲਿਟੀ ਬਾਰੇ ਗੱਲਬਾਤ ਹੋਈ। ਦੋਵੇਂ ਦੇਸ਼ ਆਪਣੇ ਸਬੰਧਾਂ ਨੂੰ 'ਗ੍ਰੀਨ ਸਟ੍ਰੈਟੇਜਿਕ ਪਾਰਟਨਰਸ਼ਿਪ' ਦੇ ਰੂਪ ਵਿੱਚ ਉੱਨਤ ਕਰਨ ਬਾਰੇ ਸਹਿਮਤ ਹੋਏ, ਜੋ ਟਿਕਾਊ ਵਿਕਾਸ ਅਤੇ ਹਰਿਤ ਤਰੱਕੀ ਦੇ ਪ੍ਰਤੀ ਸਾਂਝੀ ਵਚਨਬੱਧਤਾ ਹੈ। ਦੋਵੇਂ ਨੇਤਾਵਾਂ ਨੇ ਵਰ੍ਹੇ 2030 ਤੱਕ ਭਾਰਤ ਅਤੇ ਨਾਰਵੇ ਦੇ ਦਰਮਿਆਨ ਮੌਜੂਦਾ ਵਪਾਰ ਨੂੰ ਦੁੱਗਣਾ ਕਰਨ ਦਾ ਟੀਚਾ ਤੈਅ ਕੀਤਾ ਹੈ, ਤਾਂ ਜੋ ਟੀਈਪੀਈ ਦੇ ਤਹਿਤ 100 ਅਰਬ ਡਾਲਰ ਦੇ ਨਿਵੇਸ਼ ਦੀ ਵਚਨਬੱਧਤਾ ਨੂੰ ਪੂਰਾ ਕੀਤਾ ਜਾ ਸਕੇ। ਅਜਿਹਾ ਹੋਣ ਨਾਲ ਭਾਰਤ ਵਿੱਚ 10 ਲੱਖ ਰੁਜ਼ਗਾਰ ਦੇ ਮੌਕੇ ਤਿਆਰ ਕੀਤੇ ਜਾ ਸਕਣਗੇ। ਭਾਰਤ ਨੇ ਨਾਰਵੇ ਨੂੰ ਜੂਨ 2026 ਵਿੱਚ ਫਰਾਂਸ



## ਐਗਰੀਕੋਲਾ ਮੈਡਲ ਨਾਲ ਸਨਮਾਨਿਤ

- ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੂੰ ਰੋਮ ਸਥਿਤ ਖੁਰਾਕ ਅਤੇ ਖੇਤੀਬਾੜੀ ਸੰਗਠਨ (ਐੱਫਏਓ) ਹੈੱਡ ਕੁਆਰਟਰ ਵਿੱਚ ਸੰਯੁਕਤ ਰਾਸ਼ਟਰ ਖੁਰਾਕ ਅਤੇ ਖੇਤੀਬਾੜੀ ਸੰਗਠਨ (ਐੱਫਏਓ) ਦੁਆਰਾ ਵਰ੍ਹੇ 2026 ਦੇ ਵੱਕਾਰੀ ਐਗਰੀਕੋਲਾ ਮੈਡਲ ਨਾਲ ਸਨਮਾਨਿਤ ਕੀਤਾ ਗਿਆ।
- ਇਹ ਪੁਰਸਕਾਰ ਭਾਰਤ ਅਤੇ ਆਲਮੀ ਪੱਧਰ 'ਤੇ ਖੁਰਾਕ ਸੁਰੱਖਿਆ, ਟਿਕਾਊ ਖੇਤੀਬਾੜੀ ਅਤੇ ਗ੍ਰਾਮੀਣ ਵਿਕਾਸ ਦੇ ਖੇਤਰ ਵਿੱਚ ਉਨ੍ਹਾਂ ਦੀ ਅਸਧਾਰਣ ਅਗਵਾਈ ਨੂੰ ਮਾਨਤਾ ਦਿੰਦੇ ਹੋਏ ਪ੍ਰਦਾਨ ਕੀਤਾ ਗਿਆ।
- ਪ੍ਰਧਾਨ ਮੰਤਰੀ ਮੋਦੀ ਨੇ ਇਸ ਸਨਮਾਨ ਨੂੰ ਭਾਰਤੀ ਕਿਸਾਨਾਂ ਅਤੇ ਭਾਰਤੀ ਖੇਤੀਬਾੜੀ ਵਿਗਿਆਨਿਕ ਭਾਈਚਾਰੇ ਨੂੰ ਸਮਰਪਿਤ ਕੀਤਾ।

ਪ੍ਰਧਾਨ ਮੰਤਰੀ ਦਾ ਪੂਰਾ ਪ੍ਰੋਗਰਾਮ ਦੇਖਣ ਦੇ ਲਈ QR ਕੋਡ ਸਕੈਨ ਕਰੋ।



ਪ੍ਰਧਾਨ ਮੰਤਰੀ ਦਾ ਪੂਰਾ ਪ੍ਰੋਗਰਾਮ ਦੇਖਣ ਦੇ ਲਈ QR ਕੋਡ ਸਕੈਨ ਕਰੋ।

# 'ਮੇਕ ਇਨ ਇੰਡੀਆ' ਤੋਂ ਆਲਮੀ ਸਾਂਝੇਦਾਰੀ ਤੱਕ

ਓਸਲੋ ਵਿਖੇ ਆਯੋਜਿਤ ਇੰਡੀਆ- ਨਾਰਵੇ ਵਪਾਰ ਅਤੇ ਖੋਜ ਸ਼ਿਖਰ ਸੰਮੇਲਨ ਵਿੱਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਹਿੱਸਾ ਲਿਆ। ਇਸ ਸ਼ਿਖਰ ਸੰਮੇਲਨ ਵਿੱਚ 50 ਤੋਂ ਵੱਧ ਕੰਪਨੀਆਂ ਦੇ ਸੀਈਓਜ਼, ਨਾਰਵੇ ਅਤੇ ਭਾਰਤ ਦੇ ਵਪਾਰ ਅਤੇ ਖੋਜ ਭਾਈਚਾਰਿਆਂ ਦੇ 250 ਤੋਂ ਵੱਧ ਭਾਗੀਦਾਰਾਂ ਨੇ ਹਿੱਸਾ ਲਿਆ। ਇਸ ਵਪਾਰ ਅਤੇ ਖੋਜ ਸ਼ਿਖਰ ਸੰਮੇਲਨ ਤੋਂ ਪਹਿਲਾਂ ਓਸਲੋ ਦੇ ਵੱਖ-ਵੱਖ ਸਥਾਨਾਂ 'ਤੇ ਚਾਰ ਗੋਲਮੇਜ਼ ਸੈਸ਼ਨ ਆਯੋਜਿਤ ਕੀਤੇ ਗਏ। ਨਾਰਵੇ ਦੇ ਨਿਵੇਸ਼ਕਾਂ ਨੂੰ ਬਲੂ ਇਕੌਨਮੀ, ਜਹਾਜ਼ ਨਿਰਮਾਣ, ਹਰਿਤ ਸੰਕ੍ਰਮਣ, ਅਖੁੱਟ ਊਰਜਾ, ਹੈਲਥ- ਟੈੱਕ, ਮਹੱਤਵਪੂਰਨ ਖਣਿਜਾਂ ਅਤੇ ਸਟਾਰਟਅੱਪਸ ਵਰਗੇ ਪ੍ਰਮੁੱਖ ਖੇਤਰਾਂ ਵਿੱਚ ਭਾਰਤ ਵਿੱਚ ਨਿਵੇਸ਼ ਵਧਾਉਣ ਦੇ ਲਈ ਉਤਸ਼ਾਹਿਤ ਕੀਤਾ ਗਿਆ। ਪ੍ਰਧਾਨ ਮੰਤਰੀ ਨੇ ਦੋਵੇਂ ਦੇਸ਼ਾਂ ਦੇ ਵਪਾਰ ਭਾਈਚਾਰਿਆਂ ਨਾਲ ਨਵੀਆਂ ਸਾਂਝੇਦਾਰੀਆਂ ਸਥਾਪਿਤ ਕਰਨ, ਸਹਿਯੋਗ ਦੇ ਨਵੇਂ ਖੇਤਰਾਂ ਦੀ ਪਛਾਣ ਕਰਨ ਦੇ ਨਾਲ ਹੀ ਆਰਥਿਕ ਸਹਿਯੋਗ ਨੂੰ ਹੋਰ ਮਜ਼ਬੂਤ ਕਰਨ ਦਾ ਸੱਦਾ ਦਿੱਤਾ।

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਊਰਜਾ, ਬੰਦਰਗਾਹ, ਸਿਹਤ, ਖੇਤੀਬਾੜੀ, ਵਪਾਰ ਅਤੇ ਤਕਨਾਲੋਜੀ ਸਮੇਤ ਵੱਖ- ਵੱਖ ਖੇਤਰਾਂ ਦੀਆਂ ਮਹੱਤਵਪੂਰਨ ਡਚ ਕੰਪਨੀਆਂ ਦੇ ਪ੍ਰਮੁੱਖ ਮੁੱਖ ਕਾਰਜਕਾਰੀ ਅਧਿਕਾਰੀਆਂ ਦੇ ਨਾਲ ਗੱਲਬਾਤ ਕੀਤੀ। ਪ੍ਰਧਾਨ ਮੰਤਰੀ ਮੋਦੀ ਨੇ ਭਾਰਤ ਦੀ ਆਰਥਿਕ ਗਤੀਸ਼ੀਲਤਾ ਵਿੱਚ ਡਚ ਕੰਪਨੀਆਂ ਦੀ ਵਧ ਰਹੀ ਦਿਲਚਸਪੀ ਦੀ ਸ਼ਲਾਘਾ ਕੀਤੀ। ਉਦਯੋਗ ਜਗਤ ਦੇ ਨੇਤਾਵਾਂ ਨੇ ਭਾਰਤ ਸਰਕਾਰ ਦੇ ਸੁਧਾਰ ਏਜੰਡਾ ਦੀ ਸ਼ਲਾਘਾ ਕੀਤੀ ਅਤੇ ਭਾਰਤ ਦੇ ਲਈ ਆਪਣੀਆਂ ਭਵਿੱਖ ਦੀਆਂ ਯੋਜਨਾਵਾਂ ਨੂੰ ਸਾਂਝਾ ਕੀਤਾ।

### ਸਵੀਡਨ ਕੰਪਨੀਆਂ ਦੇ ਸੀਈਓਜ਼ ਨਾਲ ਗੱਲਬਾਤ

ਪ੍ਰਧਾਨ ਮੰਤਰੀ ਮੋਦੀ ਨੇ ਸਵੀਡਨ ਕੰਪਨੀਆਂ ਦੇ ਮੁੱਖ ਕਾਰਜਕਾਰੀ ਅਧਿਕਾਰੀਆਂ ਨਾਲ ਗੱਲਬਾਤ ਕੀਤੀ। ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਅੱਜ ਭਾਰਤ- ਸਵੀਡਨ ਸਿਰਫ਼ ਸਾਂਝੇਦਾਰੀ ਆਰਥਿਕ ਸਬੰਧ ਨਹੀਂ ਹੈ, ਸਗੋਂ ਵਿਚਾਰਾਂ, ਤਕਨਾਲੋਜੀ, ਨਵੀਨਤਾ ਅਤੇ ਸਹਿ- ਨਿਰਮਾਣ ਦੀ ਸਾਂਝੇਦਾਰੀ ਹੈ।

ਪ੍ਰਧਾਨ ਮੰਤਰੀ ਮੋਦੀ ਨੇ ਭਾਰਤ ਵਿੱਚ ਤੇਜ਼ੀ ਨਾਲ ਹੋ ਰਹੇ ਬਦਲਾਅ ਦੀ ਜਾਣਕਾਰੀ ਦਿੱਤੀ ਜੋ ਕਿ ਸੁਧਾਰਾਂ, ਮਜ਼ਬੂਤ ਘਰੇਲੂ ਮੰਗ, ਡਿਜੀਟਲ ਜਨਤਕ ਬੁਨਿਆਦੀ ਢਾਂਚਾ, ਮੈਨੂਫੈਕਚਰਿੰਗ ਦੇ ਵਿਸਤਾਰ ਅਤੇ ਨਵੀਂ ਪੀੜ੍ਹੀ ਦੇ ਬੁਨਿਆਦੀ ਢਾਂਚੇ ਦੇ ਵਿਕਾਸ ਤੋਂ ਪ੍ਰੇਰਿਤ ਹੈ। ਸਵੀਡਿਸ਼ ਕੰਪਨੀਆਂ ਨੂੰ 'ਮੇਕ ਇਨ ਇੰਡੀਆ' 'ਨੈਸ਼ਨਲ ਗ੍ਰੀਨ ਹਾਈਡ੍ਰੋਜਨ ਮਿਸ਼ਨ' ਰਾਸ਼ਟਰੀ ਮਹੱਤਵਪੂਰਨ ਖਣਿਜ ਮਿਸ਼ਨ ਵਰਗੀਆਂ ਯੋਜਨਾਵਾਂ ਦੇ ਤਹਿਤ ਭਾਰਤ ਵਿੱਚ ਮੌਜੂਦਗੀ ਵਧਾਉਣ ਦੇ ਲਈ ਸੱਦਾ ਦਿੱਤਾ।

### ਯੂਰੋਪੀਅਨ ਉਦਯੋਗ ਗੋਲਮੇਜ਼

ਪ੍ਰਧਾਨ ਮੰਤਰੀ ਮੋਦੀ ਨੇ ਗੋਥੇਨਬਰਗ ਵਿੱਚ ਯੂਰੋਪੀਅਨ ਉਦਯੋਗ ਗੋਲਮੇਜ਼ ਵਿੱਚ ਭਾਰਤ ਅਤੇ ਯੂਰੋਪ ਦੇ ਦਰਮਿਆਨ ਵਧਦੇ ਰਣਨੀਤਕ ਤਾਲਮੇਲ ਨੂੰ ਰੇਖਾਂਕਿਤ ਕੀਤਾ। ਉਨ੍ਹਾਂ ਨੇ ਭਾਰਤ- ਯੂਰੋਪੀਅਨ ਸੰਘ ਸਬੰਧਾਂ ਵਿੱਚ ਹੋ ਰਹੀ ਤਰੱਕੀ ਦਾ ਸੁਆਗਤ ਕੀਤਾ। ਭਾਰਤ ਅੱਜ ਨਿਵੇਸ਼, ਨਵੀਨਤਾ ਅਤੇ ਮੈਨੂਫੈਕਚਰਿੰਗ ਦੇ ਲਈ ਵਿਸ਼ਵ ਦੀਆਂ ਸਭ ਤੋਂ ਆਕਰਸ਼ਕ ਮੰਜ਼ਿਲਾਂ ਵਿੱਚੋਂ ਇੱਕ ਹੈ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਭਾਰਤ ਅਤੇ ਯੂਰੋਪ ਨੂੰ ਮਿਲ ਕੇ ਲਚਕਦਾਰ ਸਪਲਾਈ ਚੇਨਸ ਵਿਕਸਿਤ ਕਰਨੀਆਂ ਚਾਹੀਦੀਆਂ ਹਨ। ਪ੍ਰਧਾਨ ਮੰਤਰੀ ਮੋਦੀ ਨੇ ਭਾਰਤ ਦੇ ਯੁਵਾ ਅਤੇ ਕੁਸ਼ਲ ਕਾਰਜਬਲ ਨੂੰ ਭਵਿੱਖ ਦੇ ਆਲਮੀ ਆਰਥਿਕ ਵਾਧੇ ਦੇ ਲਈ ਇੱਕ ਪ੍ਰਮੁੱਖ ਸ਼ਕਤੀ ਦੱਸਿਆ।

ਵਿਖੇ ਆਯੋਜਿਤ ਹੋਣ ਵਾਲੇ 'ਭਾਰਤ ਇਨੋਵੇਟਰਸ 2026' ਵਿੱਚ ਹਿੱਸਾ ਲੈਣ ਦੇ ਲਈ ਸੱਦਾ ਦਿੱਤਾ। ਦੋਵੇਂ ਦੇਸ਼ਾਂ ਦੇ ਦਰਮਿਆਨ ਇੱਕ ਸਟਾਰਟਅੱਪ ਇਨੋਵੇਸ਼ਨ ਹੱਬ ਅਤੇ ਗ੍ਰੀਨ ਇਨੋਵੇਸ਼ਨ ਹੈਕਾਥੌਨ ਸਥਾਪਿਤ ਕਰਨ ਦਾ ਵੀ ਸੁਝਾਅ ਦਿੱਤਾ ਗਿਆ। ਦੋਵੇਂ ਨੇਤਾਵਾਂ ਨੇ ਹਰ ਤਰ੍ਹਾਂ ਦੇ ਅੱਤਵਾਦ ਦੀ ਇੱਕ ਸੁਰ ਵਿੱਚ ਨਿਖੇਧੀ ਕੀਤੀ।

## ਭਾਰਤ ਅਤੇ ਨੀਦਰਲੈਂਡ ਦੇ ਦਰਮਿਆਨ ਗੱਲਬਾਤ

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਨੀਦਰਲੈਂਡ ਦੇ ਪ੍ਰਧਾਨ ਮੰਤਰੀ ਰੋਬ ਜੇਟੇਨ ਦੇ ਨਾਲ ਉਨ੍ਹਾਂ ਦੇ ਸਰਕਾਰੀ ਨਿਵਾਸ (ਕੈਟਸ਼ਯੁਸ) ਵਿਖੇ ਗੱਲਬਾਤ ਕੀਤੀ। ਦੋਵੇਂ ਪ੍ਰਧਾਨ ਮੰਤਰੀਆਂ ਨੇ ਭਾਰਤ- ਨੀਦਰਲੈਂਡ ਸਬੰਧਾਂ ਨੂੰ ਮਜ਼ਬੂਤ ਕਰਨ 'ਤੇ ਵਿਆਪਕ ਚਰਚਾ ਕੀਤੀ। ਦੋਵੇਂ ਨੇਤਾਵਾਂ ਨੇ ਦੁਵੱਲੇ ਸਬੰਧਾਂ ਨੂੰ 'ਰਣਨੀਤਕ ਸਾਂਝੇਦਾਰੀ' ਦੇ



## ਪ੍ਰਧਾਨ ਮੰਤਰੀ ਮੋਦੀ ਨੂੰ ਸਵੀਡਨ ਦਾ ਸਨਮਾਨ

- ਸਵੀਡਨ ਵਿਖੇ ਆਯੋਜਿਤ ਇੱਕ ਵਿਸ਼ੇਸ਼ ਸਮਾਰੋਹ ਵਿੱਚ, ਸਵੀਡਨ ਦੀ ਕ੍ਰਾਊਨ ਪ੍ਰਿੰਸੈੱਸ ਵਿਕਟੋਰੀਆ ਨੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੂੰ 'ਰੌਇਲ ਆਰਡਰ ਆਫ ਦ ਪੋਲਰ ਸਟਾਰ, ਡਿਗਰੀ ਕਮਾਂਡਰ ਗ੍ਰੈਂਡ ਕਰੌਸ' ਨਾਲ ਸਨਮਾਨਿਤ ਕੀਤਾ।
- ਇਹ ਸਵੀਡਨ ਦੇ ਸਭ ਤੋਂ ਪ੍ਰਾਚੀਨ ਅਤੇ ਵੱਕਾਰੀ ਸਨਮਾਨਾਂ ਵਿੱਚੋਂ ਇੱਕ ਹੈ, ਜਿਸ ਦੀ ਸਥਾਪਨਾ 18ਵੀਂ ਸ਼ਤਾਬਦੀ ਵਿੱਚ ਕੀਤੀ ਗਈ ਸੀ।
- ਇਹ ਸਨਮਾਨ ਸਵੀਡਨ ਦੁਆਰਾ ਵਿਦੇਸ਼ੀ ਸਰਕਾਰ ਦੇ ਮੁਖੀਆਂ ਨੂੰ ਅਸਧਾਰਣ ਜਨਤਕ ਸੇਵਾ ਅਤੇ ਸਵੀਡਨ ਦੇ ਨਾਲ ਸਬੰਧਾਂ ਨੂੰ ਮਜ਼ਬੂਤ ਕਰਨ ਵਿੱਚ ਯੋਗਦਾਨ ਦੇਣ ਦੇ ਲਈ ਪ੍ਰਦਾਨ ਕੀਤੇ ਜਾਣ ਵਾਲਾ ਸਰਬਉੱਚ ਸਨਮਾਨ ਹੈ।
- ਪ੍ਰਧਾਨ ਮੰਤਰੀ ਮੋਦੀ ਨੇ ਇਹ ਸਨਮਾਨ ਭਾਰਤ ਦੇ 140 ਕਰੋੜ ਲੋਕਾਂ ਅਤੇ ਭਾਰਤ ਅਤੇ ਸਵੀਡਨ ਦੇ ਦਰਮਿਆਨ ਸਥਾਈ ਮਿੱਤਰਤਾ ਨੂੰ ਸਮਰਪਿਤ ਕੀਤਾ।





## ਚੋਲ ਤਾਮ੍ਰ ਪੱਤਰਾਂ (ਕੌਪਰ ਪਲੇਟਸ) ਦੀ ਵਾਪਸੀ

- **ਪ੍ਰਧਾਨ ਮੰਤਰੀ ਨਰੇਂਦਰ ਮੋਦੀ ਅਤੇ ਨੀਦਰਲੈਂਡ ਦੇ ਪ੍ਰਧਾਨ ਮੰਤਰੀ ਰੌਬ ਜੇਟਨ ਦੀ ਮੌਜੂਦਗੀ ਵਿੱਚ, ਲਾਇਡੇਨ ਯੂਨੀਵਰਸਿਟੀ ਲਾਇਬ੍ਰੇਰੀ ਨੇ 11ਵੀਂ ਸਦੀ ਦੇ ਸ਼ਤਾਬਦੀ ਦੇ ਚੋਲ ਤਾਮ੍ਰ ਪੱਤਰਾਂ (ਕੌਪਰ ਪਲੇਟਸ), ਜਿਨ੍ਹਾਂ ਵਿੱਚ 21 ਵੱਡੇ ਤਾਮ੍ਰ ਪੱਤਰ ਅਤੇ 3 ਛੋਟੇ ਤਾਮ੍ਰ ਪੱਤਰ ਸ਼ਾਮਲ ਹਨ। 11ਵੀਂ ਸ਼ਤਾਬਦੀ ਦੇ ਦੌਰਾਨ ਚੌਲ ਰਾਜਿਆਂ ਦੁਆਰਾ ਜਾਰੀ ਕੀਤੇ ਗਏ ਸ਼ਾਹੀ ਪੁਰਾਤੱਤਵ ਹਨ। ਇਨ੍ਹਾਂ ਤਾਮ੍ਰ ਪੱਤਰਾਂ ਵਿੱਚ ਤਮਿਲ ਅਤੇ ਸੰਸਕ੍ਰਿਤ ਭਾਸ਼ਾਵਾਂ ਵਿੱਚ ਲਿਖੇ ਪਾਠ ਉਕਰੇ ਹੋਏ ਹਨ।**

ਪੱਧਰ ਤੱਕ ਲੈ ਜਾਣ ਦਾ ਫੈਸਲਾ ਲਿਆ। ਵਪਾਰ- ਨਿਵੇਸ਼, ਰੱਖਿਆ- ਸੁਰੱਖਿਆ, ਉਭਰਦੀਆਂ ਅਤੇ ਮਹੱਤਵਪੂਰਨ ਤਕਨਾਲੋਜੀਆਂ, ਸਮੁੰਦਰੀ ਖੇਤਰ, ਅਖੁੱਟ ਊਰਜਾ ਅਤੇ ਸਿੱਖਿਆ ਦੇ ਖੇਤਰਾਂ ਵਿੱਚ ਸਹਿਯੋਗ ਨੂੰ ਵਧੇਰੇ ਮਜ਼ਬੂਤੀ ਪ੍ਰਦਾਨ ਕਰਨ ਲਈ ਕੂਟਨੀਤਕ ਸਾਂਝੇਦਾਰੀ ਰੋਡਮੈਪ ਅਪਣਾਉਣ 'ਤੇ ਸਹਿਮਤੀ ਪ੍ਰਗਟ ਕੀਤੀ। ਦੋਵੇਂ ਨੇਤਾਵਾਂ ਨੇ ਆਰਟੀਫਿਸ਼ੀਅਲ ਇੰਟੈਲੀਜੈਂਸ (ਏਆਈ) ਅਤੇ ਸੈਮੀਕੰਡਕਟਰ ਸਮੇਤ ਉੱਭਰ ਰਹੀਆਂ ਤਕਨਾਲੋਜੀਆਂ ਵਿੱਚ ਸਹਿਯੋਗ ਦਾ ਵੀ ਸੱਦਾ ਦਿੱਤਾ। ਦੋਵੇਂ ਪ੍ਰਧਾਨ ਮੰਤਰੀਆਂ ਨੇ 'ਮੋਬੀਲਿਟੀ ਪਾਰਟਨਰਸ਼ਿਪ' ਅਤੇ ਉੱਚ ਸਿੱਖਿਆ ਵਿੱਚ ਸਹਿਯੋਗ ਨੂੰ ਮਜ਼ਬੂਤ ਕਰਨ ਦੇ ਲਈ ਕੀਤੀਆਂ ਗਈਆਂ ਨਵੀਂ ਪਹਿਲਕਦਮੀਆਂ ਦੇ ਪ੍ਰਤੀ ਆਪਣਾ ਸਮਰਥਨ ਪ੍ਰਗਟ ਕੀਤਾ। ਇਸ ਸਬੰਧ ਵਿੱਚ, ਨਾਲੰਦਾ ਯੂਨੀਵਰਸਿਟੀ ਅਤੇ ਗ੍ਰੋਨਿੰਗਨ ਯੂਨੀਵਰਸਿਟੀ ਦੇ ਦਰਮਿਆਨ ਸੰਪੰਨ ਹੋਏ ਸਮਝੌਤੇ ਦਾ ਵਿਸ਼ੇਸ਼ ਤੌਰ 'ਤੇ ਜ਼ਿਕਰ ਕੀਤਾ। ਅਧਿਕਾਰਤ ਗੱਲਬਾਤ ਤੋਂ ਬਾਅਦ, ਤਕਨਾਲੋਜੀ, ਗ੍ਰੀਨ ਐਨਰਜੀ, ਵਪਾਰ, ਮੋਬੀਲਿਟੀ, ਜਲ, ਖੇਤੀਬਾੜੀ ਅਤੇ ਸਿਹਤ, ਸਿੱਖਿਆ ਅਤੇ ਸੱਭਿਆਚਾਰ ਦੇ ਖੇਤਰਾਂ ਵਿੱਚ 14 ਸਮਝੌਤਾ ਪੱਤਰਾਂ 'ਤੇ ਦਸਤਖਤ ਕੀਤੇ ਗਏ।



**Narendra Modi** @narendramodi

Different parts of India are witnessing soaring temperatures and the challenges that come with it. This heat is harsh on all of us and I urge you all to take as many precautions as possible. Please stay hydrated, keep water with you when stepping out. Offer a glass of water to others. In weather like this, such kindness goes a long way.



**Rajnath Singh** @rajnathsingh

डिफेंस कॉरिडोर के माध्यम से उत्तर प्रदेश, भारत के रक्षा क्षेत्र को आत्मनिर्भर बना रहा है। यहाँ लखनऊ में ब्रह्मोस का भी निर्माण हो रहा है। और भी कई तरह से उत्तर प्रदेश, डिफेंस मैन्युफैक्चरिंग को मज़बूत कर रहा है।



**Amit Shah** @AmitShah

BSF के पराक्रम को जन-जन तक पहुँचाने के लिए गुजरात में एक सेंटर बना। यहाँ के फीडबैक फॉर्म पर कई माँओं ने लिखा - हमारे बच्चे BSF में जाएँ तो हमें गर्व होगा।



**Nitin Gadkari** @nitin_gadkari

For decades, street vendors powered our cities but remained unseen in policy and finance. Under the visionary leadership of Prime Minister Shri @narendramodi Ji, PM SVANidhi has transformed lives—providing identity, collateral-free credit, and digital inclusion.



**Jagat Prakash Nadda** @JPNadda

NCD स्क्रीनिंग के तहत अब तक 36 करोड़ लोगों की Oral Cancer, 17 करोड़ महिलाओं की Breast Cancer, 9 करोड़ महिलाओं की Cervical Cancer तथा 42-42 करोड़ लोगों की Hypertension और Diabetes के लिए स्क्रीनिंग की जा चुकी है।



**Gajendra Singh Shekhawat** @gssjodhpur

भारत अब सुपर 'सोलर'-पॉवर भी !

भारत वर्ष 2025 में वार्षिक सोलर क्षमता वृद्धि के मामले में अमेरिका को पीछे छोड़ दुनिया का दूसरा सबसे बड़ा सोलर मार्केट बन गया है। एक ही वर्ष में लगभग 50 GW नई सौर क्षमता जोड़ी गई।

## विनम्रता, क्षमाशीलता और उत्तम आचरण ही व्यक्तित्व के सच्चे आभूषण हैं : मोदी



## स्वनिधि योजना ने लाखों रेहड़ी-पटरी वालों को किया सशक्त : मोदी

### पीएम ने योजना के लाभार्थियों को दी बधाई, उनके दृढ़ संकल्प और उद्यमशीलता को सराहा



**उपलब्धियां : करीब 9 लाख करोड़ का डिजिटल लेनदेन**

**आय में 20% की सालाना बढ़ोतरी दर्ज हुई**

**योजना की खास बातें**

## राष्ट्रीय खेलों में चार रिकार्ड बनना नए व आकांक्षी भारत का प्रतीक



## भारत-म्यांमार: रक्षा, व्यापार व कनेक्टिविटी पर सहमति



भास्कर न्यूज़ | नई दिल्ली

म्यांमार ने भारत को भरोसा दिलाया कि उसकी जमीन का इस्तेमाल भारत की सुरक्षा के खिलाफ नहीं होने दिया जाएगा। प्रधानमंत्री नरेंद्र मोदी और म्यांमार के राष्ट्रपति मिन आंग ह्लाइंग के बीच सोमवार को नई दिल्ली में हुई व्यापक वार्ता में दोनों देशों ने रक्षा, व्यापार, ऊर्जा, सीमा सुरक्षा और कनेक्टिविटी से जुड़े मुद्दों पर सहयोग बढ़ाने पर जोर दिया। मिन आंग ह्लाइंग पांच दिन की भारत यात्रा पर हैं। यह यात्रा ऐसे समय हो रही है जब वे हाल ही में म्यांमार के संसदीय चुनावों के बाद राष्ट्रपति बने हैं।

## 3.25 लाख करोड़ रुपये में 114 राफेल खरीदेगा भारत फ्रांस को भेजा अनुरोध पत्र



## बिहार के सत्तू व जर्दालु आम का कोई मुकाबला नहीं; ये ताकत देगा: पीएम

भास्कर न्यूज़ | नई दिल्ली





**मन की बात में पीएम की खास बातें...**

**झारखंड के धावकों की तारीफ कर बोले पीएम- ये देश के भविष्य**

## ਅੰਤਰਰਾਸ਼ਟਰੀ ਐੱਮਐੱਸਐੱਮਈ ਦਿਵਸ - 27 ਜੂਨ 2026

# ਐੱਮਐੱਸਐੱਮਈ : ਸਮਾਜਿਕ-ਆਰਥਿਕ ਤਰੱਕੀ ਦਾ ਮੁੱਖ ਥੰਮ੍ਹ

**ਭਾਰਤ ਦੇ ਆਰਥਿਕ ਅਤੇ ਸਮਾਜਿਕ ਵਿਕਾਸ ਵਿੱਚ ਸੂਖਮ, ਲਘੂ ਅਤੇ ਦਰਮਿਆਨੇ ਉੱਦਮ (ਐੱਮਐੱਸਐੱਮਈ) ਖੇਤਰ ਦੀ ਮਹੱਤਵਪੂਰਨ ਭੂਮਿਕਾ ਹੈ। ਇਹ ਘੱਟ ਪੂੰਜੀ ਲਾਗਤ 'ਤੇ ਉਚਿਤ ਰੁਜ਼ਗਾਰ ਪੈਦਾ ਕਰਦਾ ਹੈ, ਸਹਾਇਕ ਇਕਾਈਆਂ ਦੇ ਰੂਪ ਵਿੱਚ ਵੱਡੇ ਉਦਯੋਗਾਂ ਨੂੰ ਸਹਿਯੋਗ ਪ੍ਰਦਾਨ ਕਰਦਾ ਹੈ। ਗ੍ਰਾਮੀਣ ਅਤੇ ਪਿਛੜੇ ਖੇਤਰਾਂ ਵਿੱਚ ਉਦਯੋਗੀਕਰਣ ਨੂੰ ਹੁਲਾਰਾ ਦਿੰਦਾ ਹੈ। 27 ਜੂਨ ਨੂੰ ਹਰ ਵਰ੍ਹੇ ਅੰਤਰਰਾਸ਼ਟਰੀ ਐੱਮਐੱਸਐੱਮਈ ਦਿਵਸ ਮਨਾਇਆ ਜਾਂਦਾ ਹੈ। ਭਾਰਤ ਸਰਕਾਰ ਦਾ ਐੱਮਐੱਸਐੱਮਈ ਮੰਤਰਾਲਾ ਆਪਣੇ ਵੱਖ- ਵੱਖ ਸੰਗਠਨਾਂ ਅਤੇ ਸੰਸਥਾਨਾਂ ਦੇ ਸਹਿਯੋਗ ਨਾਲ ਇਸ ਖੇਤਰ ਦੇ ਵਿਕਾਸ ਨੂੰ ਨਿਰੰਤਰ ਦੇ ਰਿਹਾ ਹੈ ਹੁਲਾਰਾ...**



## ਸਵਦੇਸ਼ੀ ਅਰਥ ਵਿਵਸਥਾ ਨੂੰ ਮਜ਼ਬੂਤ ਕਰਦੇ ਐੱਮਐੱਸਐੱਮਈਜ਼

- ਐੱਮਐੱਸਐੱਮਈ ਦਾ ਕੁੱਲ ਘਰੇਲੂ ਉਤਪਾਦ (ਜੀਡੀਪੀ) ਵਿੱਚ 31 ਪ੍ਰਤੀਸ਼ਤ ਤੋਂ ਵੱਧ ਅਤੇ ਨਿਰਯਾਤ ਵਿੱਚ 48.55 ਪ੍ਰਤੀਸ਼ਤ ਯੋਗਦਾਨ।
- ਦੇਸ਼ ਭਰ ਵਿੱਚ 32.8 ਕਰੋੜ ਆਬਾਦੀ ਦੀ ਆਜੀਵਿਕਾ ਐੱਮਐੱਸਐੱਮਈ 'ਤੇ ਨਿਰਭਰ ਹੈ। 7.9 ਕਰੋੜ ਤੋਂ ਵੱਧ ਉੱਦਮ ਰਵਾਇਤੀ ਅਰਥਵਿਵਸਥਾ ਵਿੱਚ ਸ਼ਾਮਲ ਹੋਏ।
- 'ਜੈੱਮ', 'ਟ੍ਰੇਡਸ' ਅਤੇ 'ਸਮਾਧਾਨ' ਵਰਗੇ ਡਿਜੀਟਲ ਪਲੈਟਫਾਰਮਾਂ ਤੋਂ ਬਜ਼ਾਰ ਤੱਕ ਪਹੁੰਚ ਬਿਹਤਰ ਕਰਨ ਅਤੇ ਭੁਗਤਾਨ ਵਿੱਚ ਤੇਜ਼ੀ ਲਿਆਉਣ ਦੇ ਲਈ ਐੱਮਐੱਸਐੱਮਈਜ਼ ਨੂੰ ਦਿੱਤੀ ਜਾ ਰਹੀ ਸਹਾਇਤਾ।

*"ਭਾਰਤ ਦੀ ਮੈਨੂਫੈਕਚਰਿੰਗ ਦੀ, ਸਾਡੀ ਇੰਡਸਟ੍ਰੀਅਲ ਗ੍ਰੋਥ ਦੀ ਬੈਕਬੌਨ ਸਾਡਾ ਐੱਮਐੱਸਐੱਮਈ ਸੈਕਟਰ ਹੈ। 2020 ਵਿੱਚ ਅਸੀਂ ਐੱਮਐੱਸਐੱਮਈਜ਼ ਦੀ ਪਰਿਭਾਸ਼ਾ ਨੂੰ ਰੀਵਾਈਜ਼ ਕਰਨ ਦਾ ਵੱਡਾ ਫ਼ੈਸਲਾ ਕੀਤਾ। ਅਜਿਹਾ 14 ਵਰ੍ਹਿਆਂ ਬਾਅਦ ਕੀਤਾ ਗਿਆ। ਇਸ ਫ਼ੈਸਲੇ ਨਾਲ ਐੱਮਐੱਸਐੱਮਈਜ਼ ਦਾ ਇਹ ਡਰ ਖ਼ਤਮ ਹੋਇਆ ਕਿ ਜੇਕਰ ਉਹ ਅੱਗੇ ਵਧਣਗੇ ਤਾਂ ਸਰਕਾਰ ਤੋਂ ਮਿਲਣ ਵਾਲੇ ਲਾਭ ਬੰਦ ਹੋ ਜਾਣਗੇ।*

*- ਪ੍ਰਧਾਨ ਮੰਤਰੀ, ਨਰੇਂਦਰ ਮੋਦੀ*



ਨਿਊ ਇੰਡੀਆ ਸਮਾਚਾਰ ਪੰਦਰਵਾੜਾ

**RNI Registered No. DELPUN/2020/78808, 16 –30 June, 2026**
RNI Registered No DELPUN/2020/78808, (Publishing Date: 05 June, 2026, Total Pages-36)

EDITOR IN CHIEF
Dhirendra Ojha
Principal Director General
Press Information Bureau, New Delhi

PUBLISHED:
Kanchan Prasad
Director General, on behalf of
Central Bureau Of Communication

PUBLISHED FROM:
Room No–278, Central Bureau Of Communication, 2nd Floor, Soochna Bhawan, New Delhi -110003